# ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ ॥

ਮ:੫, ਪੰਨਾ ੫੦੭

## ਰੀਤਾਂ ਤੋਂ ਕੁਰੀਤੀਆਂ ਕਿਵੇਂ ?

ਮਨੁੱਖੀ ਜੀਵਨ ਵਿੱਚ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ਅਨੁਸਾਰ, **"ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ"** ਦੀ ਕਾਰ ਚਲਦੀ ਰਹਿੰਦੀ ਹੈ। ਸੁਖ ਵਿੱਚ ਖੁਸ਼ੀ ਨੂੰ ਮਾਨਣ, ਦੁਖ ਸਮੇਂ ਦੁਖ ਦੀ ਦਰਦ ਨੂੰ ਵੰਡਾਣ ਵਾਸਤੇ ਅਤੇ ਸਮਾਜ ਨੂੰ ਨਿਯਮਬੱਧਤਾ ਵਾਲਾ ਜੀਵਨ ਪ੍ਰਦਾਨ ਕਰਨ ਵਾਸਤੇ, ਸਾਡੇ ਵੱਡੇ-ਵਡੇਰਿਆਂ ਨੇ ਬੜੀ ਦੀਰਘ ਸੋਚ ਵੀਚਾਰ ਉਪ੍ਰੰਤ ਧਾਰਮਿਕ ਅਤੇ ਸਮਾਜਿਕ ਨਿਯਮ ਮਨੁੱਖੀ ਸਮਾਜ ਨੂੰ ਦਿੱਤੇ ਤਾਂ ਜੋ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਕੇ ਮਨੁੱਖ ਆਪਣਾ ਸੁਖੀ ਸੁਹੇਲਾ ਜੀਵਨ ਬਤੀਤ ਕਰ ਸਕੇ। ਸਮਾਂ ਪਾ ਕੇ ਸਮਾਜੀ ਨਿਯਮ ਰਸਮਾਂ ਅਤੇ ਰੀਤਾਂ ਦਾ ਰੂਪ ਧਾਰਨ ਕਰ ਗਏ। ਸਮੇਂ ਦੇ ਵੇਗ ਅਤੇ ਮਾਇਕੀ ਪ੍ਰਭਾਵ ਨੇ ਮਨੁੱਖ ਉਪਰ ਐਸਾ ਪ੍ਰਭਾਵ ਪਾਇਆ, ਮਨੁੱਖ ਇਨ੍ਹਾਂ ਰਸਮਾਂ ਅਤੇ ਰੀਤਾਂ ਰਿਵਾਜਾਂ ਰਾਹੀਂ ਆਪਣੀ ਹਉਮੈ ਨੂੰ ਪੱਠੇ ਪਾਉਣ ਅਤੇ ਮਾਇਆ ਦੀ ਪ੍ਰਦਰਸ਼ਨੀ ਕਰਨ ਲੱਗ ਪਿਆ। ਮਾਇਆ ਦੀ ਪ੍ਰਦਰਸ਼ਨੀ ਅਤੇ ਹਉਮੈ ਨੇ ਰਸਮਾਂ ਰਿਵਾਜਾਂ ਅਤੇ ਰੀਤਾਂ ਨੂੰ ਕੁਰੀਤੀਆਂ ਵਿੱਚ ਬਦਲ ਕੇ ਰੱਖ ਦਿੱਤਾ। ਇਨ੍ਹਾਂ ਮਾਇਆਧਾਰੀਆਂ ਦੀ ਰੀਸ ਕਰਦਾ-ਕਰਦਾ ਆਮ ਮਨੁੱਖ ਵੀ ਆਪਣੇ ਵਿੱਤ ਤੋਂ ਵੱਧ ਖਰਚ ਕਰਕੇ ਆਪਣਾ ਬਲ ਹਾਰਦਾ ਜਾ ਰਿਹਾ ਹੈ ਅਤੇ ਆਪਣੇ ਜੀਵਨ ਵਿੱਚ ਪ੍ਰੇਸ਼ਾਨੀਆਂ ਦਾ ਸੰਤਾਪ ਭੋਗ ਰਿਹਾ ਹੈ।

ਪਰ ਯਾਦ ਰੱਖੋ ! ਦਰਿਆ ਦਾ ਪਾਣੀ ਉਨਾਂ ਚਿਰ ਹੀ ਸੁਖਦਾਈ ਹੈ ਜਿਨਾਂ ਚਿਰ ਦੋ ਕਿਨਾਰਿਆਂ ਦੀ ਨਿਯਮਤ ਸੀਮਾ ਅੰਦਰ ਚਲਦਾ ਹੈ। ਜਿਸ ਵੇਲੇ ਦਰਿਆ ਦਾ ਪਾਣੀ ਨਿਯਮਤ ਕਿਨਾਰਿਆਂ ਨੂੰ ਤੋੜ ਕੇ ਹੜ੍ਹ ਦਾ ਰੂਪ ਧਾਰਨ ਕਰ ਲੈਂਦਾ ਹੈ ਤਦੋਂ ਇਹੋ ਜੀਵਨ ਦਾਤਾ ਪਾਣੀ ਜਾਨ ਲੇਵਾ ਬਣ ਕੇ ਮਨੁੱਖ ਲਈ ਮੁਸੀਬਤ, ਤੰਗੀ ਤਕਲੀਫ, ਅਤੇ ਤਬਾਹੀ ਦਾ ਕਾਰਣ ਬਣ ਜਾਂਦਾ ਹੈ। ਐਨ੍ਹ ਇਸੇ ਤਰ੍ਹਾਂ ਜਿੰਨਾਂ ਚਿਰ ਮਨੁੱਖ ਕੁਦਰਤ, ਸਮਾਜ, ਅਤੇ ਸਰਕਾਰ ਦੇ ਬਣਾਏ ਹੋਏ ਕਾਇਦੇ ਕਨੂੰਨ ਅਨੁਸਾਰੀ ਹੋ ਕੇ ਚਲਦਾ ਹੈ, ਉਨਾਂ ਚਿਰ ਸੁਖੀ ਸੁਹੇਲਾ ਜੀਵਨ ਮਾਣਦਾ ਹੈ, ਪਰ ਜਦੋਂ ਮਨੁੱਖ ਸਮਾਜ, ਸਰਕਾਰ ਅਤੇ ਕੁਦਰਤ ਦੇ ਨਿਯਮਾਂ ਤੋਂ ਆਕੀ ਹੋ ਕੇ ਆਪਣੀ ਹਉਮੈ ਅਧੀਨ ਅਮੋੜ ਜੀਵਨ ਦਾ ਧਾਰਨੀ ਬਣ ਜਾਂਦਾ ਹੈ, ਤਦੋਂ ਮਨੁੱਖ ਆਪ ਵੀ ਦੁਖੀ ਹੁੰਦਾ ਹੈ ਅਤੇ ਸਮਾਜ ਨੂੰ ਵੀ ਪ੍ਰੇਸ਼ਾਨ ਕਰਨ ਦਾ ਕਾਰਣ ਬਣ ਜਾਂਦਾ ਹੈ।

ਪ੍ਰਮਾਤਮਾ ਨੇ ਸਾਰੀ ਕਾਇਨਾਤ ਸਾਜ ਕੇ ਮਨੁੱਖ ਨੂੰ ਸਾਰੀ ਕਾਇਨਾਤ ਦਾ ਸਿਰਦਾਰ, ਅਸ਼ਰਫ-ਉਲ-ਮਖਲੂਕਾਤ (CROWN OF CREATION) ਥਾਪਿਆ, ਅਤੇ ਨਾਲ ਹੀ ਸੋਚ ਸਮਝ, ਗਿਆਨ ਅਤੇ ਬੁੱਧੀ ਦੀਆਂ ਵਿਸ਼ੇਸ਼ ਦਾਤਾਂ ਬਖਸ਼ਿਸ਼



ਕੀਤੀਆਂ ਤਾਂ ਜੋ ਸੋਚ ਸਮਝ ਤੋਂ ਕੰਮ ਲੈ ਕੇ ਮਨੁੱਖ ਗਿਆਨ ਅਧੀਨ ਆਪਣੇ ਜੀਵਨ ਨੂੰ ਸੰਜਮੀ ਸੰਚੇ ਵਿੱਚ ਢਾਲ ਕੇ ਖੁਸ਼ੀਆਂ ਭਰਪੂਰ ਜੀਵਨ ਬਤੀਤ ਕਰ ਸਕੇ। ਪਰ ਅੱਜ ਮਨੁੱਖ ਉੱਪਰ ਮਾਇਆ ਦਾ ਪ੍ਰਭਾਵ ਐਨਾ ਹਾਵੀ ਹੋ ਗਿਆ ਹੈ ਕਿ ਅਜੋਕਾ ਮਨੁੱਖ ਨਾ ਆਪਣਾ ਵਿੱਤ ਵੇਖਦਾ ਹੈ ਨਾ ਹੀ ਆਪਣੇ ਹਾਣ-ਲਾਭ ਦਾ ਲੇਖਾ ਜੋਖਾ ਕਰਨ ਨੂੰ ਤਿਆਰ ਹੈ। ਦੇਖਾ ਦੇਖੀ, ਰੀਸੋ ਰੀਸੀ ਬੇਲੋੜੀਆਂ ਰਸਮਾਂ ਰੀਤਾਂ ਦੇ ਮੱਕੜ-ਜਾਲ ਵਿੱਚ ਦਿਨੋ ਦਿਨ ਵਧੇਰੇ ਫੱਸਦਾ ਜਾ ਰਿਹਾ ਹੈ। ਬੇਲੋੜੀਆਂ ਸਮਾਜਿਕ ਕੁਰੀਤੀਆਂ ਵਿੱਚ ਮਨੁੱਖ ਨੂੰ ਕਿਸੇ ਹੋਰ ਨੇ ਨਹੀਂ ਫਸਾਇਆਂ ਸਗੋਂ ਅਜੋਕਾ ਮਨੁੱਖ ਆਪ ਹੀ ਆਪਣੀ ਖੁਸ਼ੀ ਨਾਲ ਫਸਿਆ ਹੈ। ਜੇ ਇਸ ਨੂੰ ਕਿਸੇ ਨੇ ਫਸਾਇਆ ਹੋਵੇ ਤੱਦ ਸ਼ਾਇਦ, ਸਜਣ, ਮਿਤ੍ਰ, ਰਿਸ਼ਤੇਦਾਰ, ਇਸ ਦੀ ਕੋਈ ਮਦਦ ਕਰ ਕੇ, ਜਾਂ ਸਰਕਾਰ ਦੀ ਸਹਾਇਤਾ ਨਾਲ ਮਨੁੱਖ ਨੂੰ ਇਨ੍ਹਾਂ ਕੁਰੀਤੀਆਂ ਦੇ ਮੀਚਕਣੇ ਵਣ ਵਿੱਚੋਂ ਬਾਹਰ ਕੱਢ ਲਵੇ ਪਰ "ਆਪਣ ਫਾਥੜੀਏ ਤੈਨੂੰ ਕੌਣ ਛੁਡਾਵੇ" ਦੀ ਸਚਾਈ ਚੋਂ ਕੌਣ ਛੁਟਕਾਰਾ ਦੁਆ ਸਕਦਾ ਹੈ।

ਜਿਨ੍ਹਾਂ ਸਮਾਜਿਕ ਕੁਰੀਤੀਆਂ ਦਾ ਅਜੋਕਾ ਮਨੁੱਖ ਸ਼ਿਕਾਰ ਬਣ ਚੁੱਕਾ ਹੈ ਇਨ੍ਹਾਂ ਕੁਰੀਤੀਆਂ ਤੋਂ ਬਚਣ ਲਈ ਸਟੇਜਾਂ ਉੱਤੇ ਖਲੋ ਕੇ ਮਨੁੱਖ ਲੋਕਾਂ ਨੂੰ ਉਪਦੇਸ਼ ਵੀ ਕਰਦਾ ਹੈ। ਸਮਾਜਿਕ ਕੁਰੀਤੀਆਂ ਕਰਨ ਵਾਲੇ ਲੋਕਾਂ ਨੂੰ ਮਾੜਾ ਕਹਿ ਕੇ ਭੰਡਦਾ ਵੀ ਹੈ। ਸਮਾਜਿਕ ਕੁਰੀਤੀਆਂ ਦੀ ਨਿੰਦਿਆ ਵੀ ਕਰਦਾ ਹੈ ਪਰ ਆਪ ਇਨ੍ਹਾਂ ਸਮਾਜਿਕ ਕੁਰੀਤੀਆਂ ਤੋਂ ਬਚਣਾ ਚਾਹੁੰਦਾ ਹੋਇਆ ਵੀ ਬਚ ਨਹੀਂ ਰਿਹਾ, ਕਿਉਂਕਿ ਸੰਸਾਰ ਵਿੱਚ ਨੱਕ ਰੱਖਣ ਲਈ ਵਿੱਤੋਂ ਵੱਧ ਅਡੰਬਰ ਕਰਨ ਅਤੇ ਕੀਤੇ ਅਡੰਬਰ ਦੀ ਮੁੜ ਸ਼ੋਭਾ ਸੁਣਨ ਦੇ ਸੁਭਾਅ ਨੇ, ਮਨੁੱਖ ਜੋ ਸਾਰੀ ਕਾਇਨਾਤ ਦਾ ਸਿਰਦਾਰ ਸੀ, ਇਸ ਨੂੰ ਆਪਣਾ ਇੱਕ ਜ਼ਰ-ਖ੍ਰੀਦ ਗੁਲਾਮ ਬਣਾ ਲਿਆ ਹੈ। ਅਜੋਕੇ ਮਨੁੱਖ ਦੀ ਦਸ਼ਾ ਉੱਪਰ ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ੫੯੧ਵਾਂ ਕਬਿਤ ਬਿਲਕੁਲ ਇੰਨ ਬਿੰਨ ਢੁਕਦਾ ਨਜਰੀ ਆ ਰਿਹਾ ਹੈ। ਇਸ ਕਬਿੱਤ ਨੂੰ ਵੀਚਾਰ ਨਾਲ ਪੜ੍ਹ ਲਈਏ ਮਨੁੱਖ ਦੀ ਮਾਨਸਿਕ ਦਸ਼ਾ ਦਾ ਖੁਲਾਸਾ ਸਾਹਮਣੇ ਪ੍ਰਗਟ ਹੋ ਜਾਵੇਗਾ। ਆਪ ਫੁਰਮਾਨ ਕਰਦੇ ਹਨ ਕਿ ਜਿਵੇਂ ਅਮਲੀ, ਚੋਰ ਅਤੇ ਜੁਆਰੀਏ ਲੋਕ, ਆਪ ਖੁਦ ਕਹਿੰਦੇ ਵੀ ਹਨ ਅਤੇ ਲੋਕਾਂ ਪਾਸੋਂ ਸੁਣਦੇ ਵੀ ਹਨ ਕਿ ਅਮਲ ਪੀਣਾ, ਚੋਰੀ ਕਰਨੀ, ਜੂਆ ਖੇਡਣਾ ਮਾੜੇ ਕਰਮ ਹਨ ਅਤੇ ਇਨ੍ਹਾਂ ਕਰਮਾਂ ਨੂੰ ਕਰਕੇ ਉਹ ਸੰਤਾਪ ਭੀ ਭੋਗਦੇ ਹਨ ਪਰ ਇਨ੍ਹਾਂ ਬੁਰੇ ਕਰਮਾਂ ਦੀ ਜਕੜ ਵਿੱਚ ਫਸੇ ਹੋਏ, ਇਨ੍ਹਾਂ ਨੂੰ ਛੱਡਣਾ ਚਾਹੁੰਦੇ ਹੋਏ ਭੀ ਛੱਡ ਨਹੀਂ ਸਕਦੇ ਤਿਵੇਂ ਸਾਰੇ ਲੋਕ ਮਾਇਆ ਦੇ ਪ੍ਰਭਾਵ ਨੂੰ "ਜਿਸ ਕਰਕੇ ਸਾਰੀਆਂ ਸਮਾਜਿਕ ਅਤੇ ਧਾਰਮਿਕ ਕੁਰੀਤੀਆਂ ਹੁੰਦੀਆਂ ਹਨ।" ਮਾੜਾ ਕਹਿੰਦੇ ਹਨ ਪਰ ਮਾਇਆ ਦੇ ਪ੍ਰਭਾਵ ਤੋਂ ਬਚ ਵੀ ਕੋਈ ਨਹੀਂ ਰਿਹਾ। ਸਾਰਿਆਂ ਉੱਪਰ ਮਾਇਆ ਦਾ ਪ੍ਰਭਾਵ ਹੀ ਹਾਵੀ ਹੋ ਰਿਹਾ ਹੈ। ਆਪ ਦਾ ਬੜਾ ਪਿਆਰਾ ਫੁਰਮਾਨ ਹੈ।

**ਜੈਸੇ ਪੋਸਤੀ ਕਹਤ ਸੁਨਤ ਪੋਸਤ ਬੁਰੋ,**
**ਤਾ ਕੇ ਬਸ ਭਇਓ ਛਾਡਿਓ ਚਾਹੈ ਪੈ ਨ ਛੂਟਈ ॥**
**ਜੈਸੇ ਜੂਆ ਖੇਲ ਬਿਤ ਹਾਰ ਬਿਲਖੈ ਜੁਆਰੀ,**
**ਤਊ ਪਰ-ਜੁਆਰਨ ਕੀ ਸੰਗਤਿ ਨ ਟੂਟਈ ॥**
**ਜੈਸੇ ਚੋਰ ਚੋਰੀ ਜਾਤ ਹਿਰਦੈ ਸਹਕਤ ਪੁਨਿ**
**ਤਜਤ ਨ ਚੋਰੀ, ਜਉ ਲਉ ਸੀਸ ਹੀ ਨ ਫੂਟਈ ॥**
**ਤੈਸੇ ਸਭ ਕਹਤ ਸੁਨਤ, ਮਾਇਆ ਦੁਖਦਾਈ**
**ਕਾਹੂ ਪੈ ਨ ਜੀਤੀ ਪਰੈ, ਮਾਇਆ ਜਗੁ ਲੂਟਈ ॥੫੯੧ ॥**

ਇਸੇ ਤਰ੍ਹਾਂ ਸਮਾਜ ਵਿੱਚ ਚਲ ਰਹੀਆਂ ਕੁਰੀਤੀਆਂ ਤੋਂ ਹਰ ਮਨੁੱਖ ਭੈ-ਭੀਤ ਹੈ, ਪ੍ਰੇਸ਼ਾਨ ਵੀ ਹੈ ਉਨ੍ਹਾਂ ਨੂੰ ਨਿੰਦਦਾ ਵੀ ਹੈ ਪਰ ਛੱਡਦਾ ਫਿਰ ਵੀ ਨਹੀਂ ਹੈ।

ਜਿਨ੍ਹਾਂ ਜਿਨ੍ਹਾਂ ਕੁਰੀਤੀਆਂ ਦੇ ਅਸੀਂ ਸਵਾ ਪੰਜ ਸੌ ਸਾਲ ਪਹਿਲਾਂ ਵੀ ਸ਼ਿਕਾਰ ਹੋਏ ਸਾਂ, ਉਸ ਸਮੇਂ ਵਿੱਚ ਲੋਕਾਈ ਦੀ ਨਿਘਰੀ ਹੋਈ ਹਾਲਤ ਉਤੇ ਤਰਸ ਕਰਕੇ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਸੰਸਾਰ ਵਿੱਚ ਆਗਮਨ ਕੀਤਾ ਅਤੇ ਲਗਾਤਾਰ ਇਸ ਨਿਰੰਜਨੀ ਜੋਤ ਨੇ 239 ਸਾਲ ਦਸਾਂ ਜਾਮਿਆਂ ਵਿੱਚ ਵਿਚਰ ਕੇ ਸਾਡੇ ਪੁਰਖਿਆਂ ਨੂੰ ਸਮਾਜਕ ਅਤੇ ਧਾਰਮਿਕ ਕੁਰੀਤੀਆਂ ਵਿਚੋਂ ਕੱਢਣ ਦਾ ਜਤਨ ਕੀਤਾ, ਪਰ ਅਜ ਅਸੀਂ ਉਨ੍ਹਾਂ ਸਮਾਜਕ ਅਤੇ ਧਾਰਮਿਕ ਕੁਰੀਤੀਆਂ ਵਿਚੋਂ ਨਿਕਲਣ ਦੀ ਥਾਂ ਸਗੋਂ ਪਹਿਲਾਂ ਨਾਲੋਂ ਵੀ ਜ਼ਿਆਦਾ ਜਕੜੇ ਗਏ ਹਾਂ, ਜਿਸ ਕਰਕੇ ਦੁਖੀ ਤੇ ਪ੍ਰੇਸ਼ਾਨ ਹਾਂ। ਉਨ੍ਹਾਂ ਸਮਾਜਕ ਅਤੇ ਧਾਰਮਿਕ ਕੁਰੀਤੀਆਂ ਦਾ ਖੁਲਾਸਾ ਜੋ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਉਸ ਸਮੇਂ ਕੀਤਾ ਉਹ ਉਸ ਸਮੇਂ ਵੀ ਸੱਚ ਸੀ ਅਤੇ ਅੱਜ ਦੇ ਸਮੇਂ ਵੀ ਅੱਖਰ ਅੱਖਰ ਸਾਡੇ ਉਪਰ ਢੁੱਕ ਰਿਹਾ ਹੈ। ਭਾਈ ਗੁਰਦਾਸ ਜੀ ਦੇ ਫੁਰਮਾਨ ਅਨੁਸਾਰ ਹੋ ਕੀ ਰਿਹਾ ਹੈ—

**ਕਲਿ ਆਈ ਕੁਤੇ ਮੁਹੀ ਖਾਜ ਹੋਇਆ ਮੁਰਦਾਰ ਗੁਸਾਈ ॥**
**ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ ॥**
**ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ ॥**
**ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ ॥**
**ਸੇਵਕ ਬੈਠਨਿ ਘਰਾਂ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ ॥**
**ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕ ਗਵਾਈ ॥**
**ਇਸਤ੍ਰੀ ਪੁਰਖੈ ਦਾਮ ਹਿਤ ਭਾਵੈ ਆਇ ਕਿਥਾਊ ਜਾਈ ॥**
**ਵਰਤਿਆ ਪਾਪ ਸਭਸ ਜਗ ਮਾਂਹੀ ॥੩੦ ॥**

ਭਾਈ ਗੁਰਦਾਸ ਜੀ, ਵਾਰ ੧
ਪਉੜੀ ੩੦



ਦੀ ਅੱਖਰ ਅੱਖਰ ਸੱਚਾਈ ਵਰਤ ਰਹੀ ਹੈ। ਵਾੜ ਖੇਤ ਨੂੰ ਖਾ ਰਹੀ ਹੈ। **"ਸੀਲੁ[1] ਸੰਜਮੁ ਸੁਚ ਭੰਨੀ[2] ਖਾਣਾ ਖਾਜੁ ਅਹਾਜੁ"** ਹੋ ਗਿਆ ਹੈ। ਹਰ ਪਾਸੇ ਵੱਢੀ ਰਿਸ਼ਵਤ-ਖੋਰੀ ਦਾ ਬੋਲ-ਬਾਲਾ ਹੈ। ਪਹਿਰੇਦਾਰ ਹੀ ਘਰਾਂ ਨੂੰ ਭੰਨ ਰਹੇ ਹਨ। ਅਗਵਾਈ ਕਰਨ ਵਾਲੇ ਉਜਾੜਨ ਦੇ ਰਸਤੇ ਉਤੇ ਪੈ ਗਏ ਹਨ, ਬੇੜੀ ਨੂੰ ਮਲਾਹ ਹੀ ਡੋਬ ਰਹੇ ਹਨ। ਕਿਸੇ ਪਾਸੇ ਤੋਂ ਵੀ ਆਸ ਦੀ ਕਿਰਨ ਨਹੀਂ ਦਿਸ ਰਹੀ। ਧਾਰਮਿਕ ਪੱਖੋਂ ਇੰਨੀ ਗਿਰਾਵਟ ਆ ਗਈ ਹੈ ਕਿ ਦੇਹਧਾਰੀ ਗੁਰੂਆਂ ਦੇ ਦੰਭ ਦਾ ਬੋਲ-ਬਾਲਾ ਹਰ ਪਾਸੇ ਪ੍ਰਧਾਨ ਹੈ। ਮਾਇਆ ਦੀ ਖਾਤਰ ਧਰਮ ਇਮਾਨ ਵੇਚਿਆ ਜਾ ਰਿਹਾ ਹੈ। ਹਰ ਪਾਸੇ ਕਾਮ ਅਤੇ ਦਾਮ ਹੀ ਪ੍ਰਧਾਨ ਹੈ। ਭਾਵੇਂ 21 ਵੀਂ ਸਦੀ ਚਲ ਰਹੀ ਹੈ, ਦੁਨੀਆਵੀ ਵਿਦਿਆ ਦਾ ਪ੍ਰਚਾਰ ਪ੍ਰਸਾਰ ਵਧੇਰੇ ਹੋਇਆ ਹੈ ਪਰ ਅਗਿਆਨਤਾ ਘਟਣ ਦੀ ਥਾਂ ਇੰਨੀ ਵੱਧ ਗਈ ਹੈ ਕਿ ਹਰ ਅਧੇ-ਪੌਣੇ ਮੀਲ ਤੇ ਕਬਰਾਂ ਮੜ੍ਹੀਆਂ, ਮੱਠਾਂ ਅਤੇ ਤਕੀਆਂ ਦੇ ਰੂਪ ਵਿੱਚ ਜਠੇਰਿਆਂ ਦਾ ਜਾਲ ਵਿਛ ਰਿਹਾ ਹੈ। ਬੇਲੋੜੀਆਂ ਰਸਮੋ ਰਿਵਾਜਾਂ ਨੇ ਸਾਡੇ ਉਦਾਲੇ ਮੱਕੜ ਜਾਲ ਉਣ ਲਿਆ ਹੈ।

ਪੱਛਮੀ ਪ੍ਰਭਾਵ ਅਧੀਨ ਦੇਖਾ ਦੇਖੀ ਅਸੀਂ ਬਹੁਤ ਸਾਰੀਆਂ ਬੇਲੋੜੀਆਂ ਰਸਮਾਂ ਰੀਤਾਂ ਅਪਣਾ ਲਈਆਂ ਹਨ, ਜਿਨ੍ਹਾਂ ਦੀ ਸਾਡੇ ਸਮਾਜ ਵਿੱਚ ਬਹੁਤੀ ਲੋੜ ਨਹੀਂ ਹੈ।

ਅਗਲੇਰੇ ਪੰਨਿਆਂ ਵਿੱਚ ਸੁਹਿਰਦਤਾ ਨਾਲ ਆਪਾਂ ਸੰਖੇਪ ਰੂਪ ਵਿੱਚ ਅਜੋਕੇ ਸਮੇਂ ਵਿੱਚ ਜਾਣੇ ਅਨਜਾਣੇ ਹੋ ਰਹੀਆਂ ਸਮਾਜਿਕ ਕੁਰੀਤੀਆਂ ਨੂੰ ਜਾਨਣ ਦਾ ਜਤਨ ਕਰੀਏ, ਤਾਂ ਜੋ ਜਾਣਕਾਰੀ ਪ੍ਰਾਪਤ ਕਰਨ ਉਪ੍ਰੰਤ ਜੇ ਅਸੀਂ ਦੋ-ਚਾਰ ਸਮਾਜਿਕ ਕੁਰੀਤੀਆਂ ਦਾ ਵੀ ਤਿਆਗ ਕਰਨ ਲਈ ਤਿਆਰ ਹੋ ਜਾਈਏ ਤਾਂ ਇਹ ਕਿਤਾਬਚਾ ਲਿਖਣਾ ਸਫਲਾ ਸਮਝਿਆ ਜਾਵੇਗਾ। ਅਸੀਂ ਆਪਣੇ ਬੱਚਿਆਂ ਦੇ ਜਨਮ ਦਿਨ ਤੋਂ ਹੀ ਅਰੰਭ ਕਰੀਏ ਅਤੇ ਨਾਲ-ਨਾਲ ਬਾਬਾ ਫਰੀਦ ਜੀ ਦੇ ਕਥਨ ਅਨੁਸਾਰ, **"ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ"** ਦੀ ਬਿਰਤੀ ਬਣਾ ਕੇ ਸ੍ਵੈ ਪੜਚੋਲ ਕਰਨੀ ਅਰੰਭ ਕਰ ਦੇਈਏ। ਇਸ ਤਰ੍ਹਾਂ ਕਰਨ ਨਾਲ ਬਹੁਤਾ ਲਾਭ ਪ੍ਰਾਪਤ ਹੋ ਸਕੇਗਾ।

## 1. ਜਨਮ ਦਿਨ ਮਨਾਉਣ ਦੀ ਰੀਤ :

ਗੁਰੂ ਚਾਲੀ ਤਾਂ ਸੀ ਕਿ ਬੱਚੇ ਦੇ ਮਾਂ ਬਾਪ, ਪ੍ਰਵਾਰ, ਰਿਸ਼ਤੇਦਾਰ, ਗੁਰੂ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਜੁੜਦੇ, ਬਾਣੀ ਪੜ੍ਹ ਗੁਰੂ ਕੀਰਤੀ ਕਰ, ਬੱਚੇ ਨੂੰ **"ਪੂਤਾ ਮਾਤਾ ਕੀ ਆਸੀਸ ॥ ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ"**

---

੧. ਮਿਠਾ ਸੁਭਾਉ, ਸੰਜਮੀ ਜੀਵਨ, ਸੁਚਵਾਲੀ ਰਹੁਰੀਤ ਭਜ ਗਈ ਹੈ।
੨. ਨਾ ਖਾਣ ਜੋਗ ਹਰਾਮ ਚੀਜਾਂ ਖਾਧੀਆਂ ਜਾਂਦੀਆਂ ਹਨ।

ਦੀਆਂ ਅਸੀਸਾਂ ਲੈ ਕੇ ਦਿੰਦੇ ਪਰ ਪੱਛਮੀ ਸਭਿਅਤਾ ਦੇ ਪ੍ਰਭਾਵ ਅਧੀਨ ਅੱਜ ਅਸੀਂ ਗੁਰੂ ਅਸੀਸ ਪ੍ਰਾਪਤ ਕਰਨ ਦੀ ਥਾਂ ਵਡੇ-ਵਡੇ ਪਾਰਟੀ ਹਾਊਸਾਂ ਵਿੱਚ ਜਾ ਕੇ, ਨੱਚ ਟੱਪ ਕੇ, ਅਸ਼ਲੀਲ ਗਾਣੇ ਗਾ, ਕੇਕ ਕੱਟ ਕੇ, ਹਜ਼ਾਰਾਂ ਰੁਪਏ ਖਰਚ ਕੇ ਬੱਚਿਆਂ ਦੇ ਜਨਮ ਦਿਨ ਮਨਾਉਂਦੇ ਹਾਂ। ਬੱਚਿਆਂ ਨੂੰ ਗੁਰੂ ਚਰਨਾਂ ਨਾਲ ਜੋੜਨ ਦੀ ਥਾਂ ਅਸੀਂ ਆਪਣੇ ਬੱਚਿਆਂ ਨੂੰ ਪੱਛਮੀ ਸਭਿਅਤਾ ਦੇ ਨਾਲ ਜੋੜ ਕੇ ਗੁਰੂ ਅਸੀਸ ਅਤੇ ਗੁਰੂ ਚਾਲੀ ਤੋਂ ਦੂਰ ਕਰ ਰਹੇ ਹਾਂ। ਗੁਰੂ ਅਗਵਾਈ ਪ੍ਰਾਪਤ ਕਰਕੇ ਵੀਚਾਰਨ ਦੀ ਲੋੜ ਹੈ। ਕਿਤੇ ਆਪਾਂ ਜਨਮ ਦਿਨ ਮਨਾਉਣ ਦੀ ਰੀਤ ਨੂੰ ਕੁਰੀਤੀ ਤਾਂ ਨਹੀਂ ਬਣਾ ਰਹੇ।

## 2. ਅਨੰਦ ਕਾਰਜ :

ਜਨਮ ਦਿਨ ਤੋਂ ਪਿੱਛੋਂ ਬੱਚੇ ਦੇ ਵਿਆਹ ਦੀ ਗੱਲ ਤੁਰਦੀ ਹੈ। ਗੁਰੂ ਮਹਾਰਾਜ ਜੀ ਨੇ ਪ੍ਰੋਹਤ ਪ੍ਰੰਪਰਾ ਤੋਂ ਛੁਟਕਾਰਾ ਦੁਆ ਕੇ ਬੜਾ ਸਾਦਾ ਤਰੀਕਾ ਗ੍ਰਿਹਸਤ ਵਿੱਚ ਪ੍ਰਵੇਸ਼ ਕਰਨ ਦਾ ਦਰਸਾਇਆ ਸੀ ਪਰ ਅੱਜ ਅਸੀਂ ਉਸ ਸਾਦੇ ਤਰੀਕੇ ਨੂੰ ਇੰਨਾ ਗੁੰਝਲਦਾਰ ਅਤੇ ਪੇਚੀਦਾ ਬਣਾ ਲਿਆ ਹੈ ਕਿ ਜਿਥੋਂ ਵੀ ਜਿਸ ਧਰਮ ਦੀ ਕੋਈ ਰੀਤ ਪ੍ਰਚਲਤ ਸੀ, ਉਸਨੂੰ ਹੀ ਸਾਡੇ ਸਿੱਖਾਂ ਨੇ ਅਪਣਾ ਲਿਆ ਹੈ। ਮੈਨੂੰ ਇੱਕ ਵਿਆਹ ਦਾ ਸੱਦਾ ਪੱਤਰ ਡਾਕ ਰਾਹੀਂ ਆਇਆ, ਉਸ ਕਾਰਡ ਦੀ ਕੀਮਤ ਤਕਰੀਬਨ 100 ਤੋਂ 150 ਰੁਪਏ ਤਕ ਹੋਵੇਗੀ। ਉਸ ਝੋਲੇ-ਨੁਮਾ ਕਾਗਜ ਦੇ ਬਣਾਏ ਲਫਾਫੇ ਵਿੱਚ ਪੂਰੇ ਸਤ ਕਾਰਡ ਸਨ, ਇੱਕਲੇ-ਇੱਕਲੇ ਕਾਰਡ ਉੱਤੇ ਇਕਲੇ-ਇਕਲੇ ਦਿਨ ਦਾ ਪ੍ਰੋਗਰਾਮ ਛਪਿਆ ਹੋਇਆ ਸੀ। ਜੇ ਮੈਂ ਤੁਹਾਨੂੰ ਦਸਾਂ ਸਾਇਦ ਤੁਸੀਂ ਅਤ-ਕਥਨੀ ਸਮਝੋਗੇ। ਪਰ ਮੈਂ ਆਪਣੀ ਸਿਮ੍ਰਤੀ ਵਿਚੋਂ ਅੱਖਰ-ਅੱਖਰ ਸੱਚ ਦਸ ਰਿਹਾ ਹਾਂ। ਪਹਿਲੇ ਕਾਰਡ ਦਾ ਹੈਡਿੰਗ ਸੀ : (1) ਝਾਕਾ-ਠਾਕਾ ਪਾਰਟੀ (2) ਸਹਿਜ ਪਾਠ ਦਾ ਭੋਗ—ਰਿੰਗ ਸੈਰੇਮਨੀ—ਪਾਰਟੀ (3) ਟਿੰਕੂ-ਮਿੰਕੂ ਵੱਲੋਂ ਸਦਾ ਪਤ੍ਰ ਨਚ ਲੌ ਟਪ ਲੌ ਪਾਰਟੀ (4) ਸ਼ਾਮ ਨੂੰ ਲੇਡੀ ਸੰਗੀਤ ਜਾਗੋ ਪਾਰਟੀ, (5) ਸ਼ਾਮ ਸਮੇਂ ਆਤਿਸ਼ ਬਾਜੀ-ਪਾਰਟੀ (6) ਅਨੰਦ ਕਾਰਜ ਪਾਰਟੀ (7) ਸ਼ੁਕਰਾਨਾ ਦਿਵਸ, ਸਹਿਜ ਪਾਠ ਦਾ ਭੋਗ, ਗੁਰੂ ਦਾ ਲੰਗਰ, ਰਾਤ ਨੂੰ ਫਿਰ ਪਾਰਟੀ। ਐਨਾ ਫਜੂਲ ਖਰਚਾ, ਜਿਸ ਨੂੰ ਵੇਖ ਸੁਣ ਕੇ ਇੱਕ ਭਲੇ ਪੁਰਸ਼ ਨੂੰ ਲੱਜਾ ਜਰੂਰ ਆਉਂਦੀ ਹੈ। ਦੂਸਰੇ, ਹੈਰਾਨੀ ਦੀ ਗੱਲ ਇਹ ਹੁੰਦੀ ਹੈ ਕਿ ਜਿਸ ਕਾਰਜ ਵਾਸਤੇ ਇਹ ਸਾਰਾ ਅਡੰਬਰ ਰਚਿਆ ਹੁੰਦਾ ਹੈ, ਅਨੰਦ ਕਾਰਜ ਸਮੇਂ ਲੜਕੀ, ਲੜਕਾ ਜਾਂ ਲੜਕੀ ਲੜਕੇ ਦੇ ਮਾਂ ਬਾਪ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੇ ਸਿਵਾਏ ਹੋਰ ਕੋਈ ਗੁਰੂ ਘਰ ਵਿੱਚ ਹਾਜ਼ਰ ਨਹੀਂ ਹੁੰਦੇ, ਸਭ ਮੈਰਿਜ ਪੈਲਸ ਵਿੱਚ ਖਾਣ-ਪੀਣ ਅਤੇ ਨਚਣ-ਟਪਣ ਦੇ ਮੌਜ਼ ਮੇਲੇ ਵਿੱਚ ਮਸਤ ਹੁੰਦੇ ਹਨ, ਬੜੀ ਅਜੀਬ ਜਿਹੀ ਦਸ਼ਾ ਵਰਤ ਰਹੀ ਹੈ। ਇਹੋ ਜਿਹੀ ਅਜੀਬ ਦਸ਼ਾ ਬਨਾਉਣ ਤੋਂ ਸੰਭਲਣ ਦੀ ਲੋੜ ਹੈ। ਜਰਾ ਸੋਚਣ ਦੀ ਲੋੜ ਹੈ ਕੀ ਆਪਾ ਇਹ ਸਭ ਕੁਝ ਠੀਕ ਕਰ ਰਹੇ ਹਾਂ ?



## 3. ਦਾਜ ਦਹੇਜ :

ਦਾਜ ਦਹੇਜ ਦੀ ਲਾਹਨਤ ਇੰਨੀ ਪ੍ਰਧਾਨ ਹੋ ਚੁੱਕੀ ਹੈ ਕਿ ਲੜਕੇ ਵਾਲੇ ਲੜਕੀ ਦੇ ਮਾਂ ਬਾਪ ਪਾਸੋਂ, ਲੋਭ-ਵਸ ਹੋ, ਦਾਜ ਦੇ ਰੂਪ ਵਿੱਚ ਵਡਮੁੱਲੀਆਂ ਵਸਤਾਂ ਅਤੇ ਮੋਟੀਆਂ ਰਕਮਾਂ ਦੀ ਮੰਗ ਕਰਦੇ ਹਨ। ਕੀ ਇਹ ਮਨੁੱਖਤਾ ਦੇ ਮੂੰਹ ਉੱਤੇ ਕਾਲਖ ਦਾ ਧੱਬਾ ਨਹੀਂ ਹੈ ? ਜਿਹੜੀ ਬੱਚੀ ਦੇ ਮਾਂ ਬਾਪ ਸਹੁਰੇ ਪ੍ਰਵਾਰ ਵੱਲੋਂ ਮੰਗੇ ਦਾਜ ਦੀ ਮੰਗ ਪੂਰੀ ਨਹੀਂ ਕਰ ਸਕਦੇ, ਉਨ੍ਹਾਂ ਦੀ ਬੱਚੀ ਨੂੰ ਤੰਗ ਤੇ ਪ੍ਰੇਸ਼ਾਨ ਕੀਤਾ ਜਾਂਦਾ ਹੈ ਜਾਂ ਫਿਰ ਉਸ ਨੂੰ ਉਸ ਦੇ ਜੀਵਨ ਦਾ ਹੱਕ ਖੋਹਣ ਲਈ ਮਜਬੂਰ ਕੀਤਾ ਜਾਂਦਾ ਹੈ।

ਬੱਚੀਆਂ ਦੀ ਇਹ ਦੁਰਦਸ਼ਾ ਕੇਵਲ ਸਹੁਰਿਆਂ ਦੇ ਘਰ ਵਿੱਚ ਹੀ ਕਿਉਂ ਹੁੰਦੀ ਹੈ,

ਪੇਕੇ ਘਰ ਕਿਉਂ ਨਹੀਂ ? ਵਿਚਾਰਨ ਦੀ ਲੋੜ ਹੈ। ਜਿਹੜਾ ਬੱਚਾ ਆਪਣੇ ਸਾਥੀ ਨੂੰ ਲੀੜਾ ਕਪੜਾ ਰੋਟੀ ਅਤੇ ਰਿਹਾਇਸ਼ ਨਹੀਂ ਦੇ ਸਕਦਾ, ਉਸ ਨੂੰ ਵਿਆਹ ਕਰਾਉਣ ਦਾ ਕੀ ਹੱਕ ਹੈ। ਦੂਸਰੇ ਮੰਗਣਾ ਕੇਵਲ ਪ੍ਰਮੇਸ਼ਰ ਤੋਂ ਹੀ ਚਾਹੀਦਾ ਹੈ ਜੋ ਹਮੇਸ਼ਾ ਤੋਂ ਦੇਂਦਾ ਆ ਰਿਹਾ ਹੈ, ਦੇ ਰਿਹਾ ਹੈ ਅਤੇ ਦੇਵੇਗਾ। ਪ੍ਰਮਾਤਮਾ ਦੇ ਦੇਣ ਨਾਲ ਹੀ ਮਨੁੱਖ ਦੀ ਤ੍ਰਿਪਤੀ ਹੋ ਸਕਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੁਖਮਨੀ ਸਾਹਿਬ ਵਿੱਚ ਫੁਰਮਾਨ ਹੈ :

**ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥**
**ਜਿਸ ਕੈ ਦੀਐ ਰਹੈ ਅਘਾਇ ॥ ਬਹੁਰਿ ਨ ਤ੍ਰਿਸਨਾ ਲਾਗੈ ਆਇ ॥**

*(ਸੁਖਮਨੀ ਮ: ੫, ਪੰਨਾ ੨੮੧)*

ਇਕ ਹੋਰ ਗੱਲ ਵੀ ਵੀਚਾਰਨ ਨਾਲ ਸੰਬੰਧ ਰੱਖਦੀ ਹੈ ਜਿਹੜੇ ਮਾਂ-ਬਾਪ ਜਾਂ ਖੁਦ ਲੜਕਾ ਆਪਣੀ ਜੀਵਨ ਸਾਥਣ ਬਣੀ ਬੱਚੀ ਪਾਸੋਂ ਮੂੰਹ ਖੋਹਲ ਕੇ ਦਾਜ ਦੀ ਮੰਗ ਕਰਦੇ ਹਨ। ਆਉਣ ਵਾਲੇ ਸਮੇਂ ਵਿੱਚ, ਜੀਵਨ ਸਾਥੀ ਬਣੀ ਬੱਚੀ ਆਪਣੇ ਪਤੀ ਦੀ ਅਤੇ ਸਸ-ਸਹੁਰੇ ਦੀ ਕਦਾਚਿਤ ਵੀ ਸੇਵਾ ਨਹੀਂ ਕਰ ਸਕੇਗੀ ਅਤੇ ਨਾ ਹੀ ਸਹੁਰੇ ਪ੍ਰਵਾਰ ਨੂੰ ਐਸੀ ਆਸ ਹੀ ਰੱਖਣੀ ਚਾਹੀਦੀ ਹੈ। ਅਜ ਸੋਚਣ ਅਤੇ ਵੀਚਾਰਨ ਦੀ ਅਤੀ ਲੋੜ ਹੈ।

## 4. ਭਰੂਣ ਹੱਤਿਆ :

ਬੱਚੀਆਂ ਦੀ ਇਹੋ ਜਿਹੀ ਦੁਰਦਸ਼ਾ ਹੁੰਦੀ ਵੇਖ ਕੇ ਅਤੇ ਦਾਜ-ਦਹੇਜ ਦੇ ਹਊਏ ਤੋਂ ਡਰ ਕੇ ਹੀ ਅੱਜ ਦਾ ਸਮਾਜ ਭਰੂਣ ਹੱਤਿਆ ਵਰਗੀਆਂ ਲਾਹਣਤਾਂ ਦੇ ਕਰਮ ਕਰਕੇ ਮਨੁੱਖਤਾ ਨੂੰ ਕਲੰਕਤ ਕਰ ਰਿਹਾ ਹੈ। ਇਸ ਭਰੂਣ ਹੱਤਿਆ ਦੇ ਪਾਪ ਕਰਮ ਨੂੰ ਕਰਨ ਲਈ ਨਾਰੀ ਹੀ ਨਾਰੀ ਦੀ ਦੁਸ਼ਮਣ ਬਣ ਕੇ ਇਹ ਕੰਮ ਕਰ ਰਹੀ ਹੈ। ਮਰਦ ਇਹ ਕੁਰੀਤੀ ਕਰਨ ਵਿੱਚ ਨਾਰੀ ਦਾ ਪੂਰਾ ਪੂਰਾ ਸਾਥ ਦਿੰਦਾ ਹੈ। ਭਰੂਣ ਹੱਤਿਆ ਦਾ ਘੋਰ ਪਾਪ ਕਰਕੇ ਜਿੱਥੇ ਅਸੀਂ ਕੁਦਰਤ ਦੇ ਨਿਯਮ ਵਿੱਚ ਦਖਲ ਅੰਦਾਜੀ ਕਰਕੇ ਪਾਪ ਦੇ ਭਾਗੀ ਬਣ ਰਹੇ ਹਾਂ, ਉਥੇ ਲੜਕੀਆਂ ਦੀ ਜਨਮ-ਦਰ ਘਟਣ ਨਾਲ ਸਾਡਾ

ਆਉਣ ਵਾਲਾ ਭਵਿੱਖ ਅਤਿ ਖਤਰੇ ਵਿੱਚ ਜਾਪ ਰਿਹਾ ਹੈ। ਅਸੀਂ ਕਿਸ ਦੰਡ ਦੇ ਭਾਗੀ ਬਣ ਰਹੇ ਹੈਂ ? ਜਰਾ ਧਿਆਨ ਨਾਲ ਸੰਸਾਰ ਦੇ ਕਨੂੰਨ ਵੱਲ ਹੀ ਧਿਆਨ ਮਾਰੀਏਂ, ਜਿਹੜਾ ਮਨੁੱਖ ਕਿਸੇ ਦੇ ਜੀਵਨ-ਹੱਕ ਨੂੰ ਖੋਂਹਦਾ ਹੈ, ਉਸ ਮਨੁੱਖ ਪਾਸੋਂ ਇਸ ਘੋਰ ਅਪਰਾਧ ਬਦਲੇ ਉਸ ਦੇ ਜੀਵਨ ਦਾ ਹੱਕ ਵੀ ਖੋਹ ਲਿਆ ਜਾਂਦਾ ਹੈ।

ਕਈ ਵਾਰੀ ਮਨੁੱਖ ਚੋਰੀ ਛਿਪੇ, ਕਿਸੇ ਚੁਤਰਾਈ ਅਧੀਨ ਦੁਨੀਆਂ ਦੇ ਕਾਨੂੰਨ ਦੀ ਮਾਰ ਤੋਂ ਬਚ ਜਾਂਦਾ ਹੈ। ਪਰ ਯਾਦ ਰੱਖੋ ਪ੍ਰਮਾਤਮਾਂ ਦੀ ਨਿਗਾਹ ਅਤੇ ਕੁਦਰਤ ਦੇ ਕਾਨੂੰਨ ਤੋਂ ਕੋਈ ਨਹੀਂ ਬਚ ਸਕਦਾ। ਸਤਿਗੁਰ ਅਮਰਦਾਸ ਜੀ ਦਾ ਫੁਰਮਾਨ ਯਾਦ ਰੱਖਣਾ ਚਾਹੀਦਾ ਹੈ ਕਿ :-

**ਮਾਣਸਾ ਕਿਅਹੁ ਦੀਬਾਨਹੁ ਕੋਈ ਨਸਿ ਭਜਿ ਨਿਕਲੈ**
**ਹਰਿ ਦੀਵਾਨਹੁ ਕੋਈ ਕਿਥੈ ਜਾਇਆ ॥**

ਮ : ੩, (ਪੰਨਾ ੫੯੧)

ਉਹ ਪ੍ਰਮਾਤਮਾਂ ਤਾਂ **"ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ ॥"**

*ਆਸਾ ਮ: ੩ (ਪੰਨਾ ੪੨੯)*

ਦੀ ਸਤਿਆ ਦਾ ਮਾਲਕ ਹੈ। ਇਸ ਲਈ ਹਮੇਸ਼ਾ, ਪ੍ਰਭੂ ਪਰਮਾਤਮਾ ਦੀ ਹੋਂਦ ਹਸਤੀ ਤੋਂ ਡਰ ਕੇ, ਕੁਦਰਤ ਦੇ ਨਿਯਮਾਂ ਦੀ ਪਾਲਣਾ ਕਰਦੇ, ਕੁਦਰਤ ਅਨੁਸਾਰੀ ਹੋ ਕੇ ਹੀ ਜੀਵਨ ਜਿਉਣਾ ਚਾਹੀਦਾ ਹੈ। ਕਾਦਰ ਅਤੇ ਕੁਦਰਤ ਤੋਂ ਬਾਗੀ ਹੋਵਾਂਗੇ, ਫਿਰ ਕਾਦਰ ਅਤੇ ਕੁਦਰਤ ਦੀ ਕਰੋਪੀ ਦਾ ਜਰੂਰ ਸ਼ਿਕਾਰ ਹੋਣਾ ਪਵੇਗਾ। ਬਹੁਤ ਹੀ ਸਾਵਧਾਨ ਹੋਣ ਦੀ ਅਵੱਸ਼ਕਤਾ ਹੈ।

## 5. ਵਡਾ ਕਰਨਾ (ਅੰਤਮ ਸੰਸਕਾਰ)

ਜਿਥੇ ਅਸੀਂ ਬੱਚਿਆਂ ਦੇ ਜਨਮ ਦਿਨ ਅਤੇ ਵਿਆਹ ਦੇ ਸਮਾਗਮ ਪੂਰੇ ਜੋਸ਼ੋ ਖਿਰੋਸ਼ ਨਾਲ ਮਨਾਉਂਦੇ ਹਾਂ ਉਥੇ ਬਜ਼ੁਰਗਾਂ ਦੀ ਜਿਉਂਦੇ-ਜੀਅ ਸੇਵਾ ਕਰਕੇ ਆਪਣਾ ਫਰਜ਼ ਪੂਰਾ ਕਰਨ ਦੀ ਅਤੇ ਬਜ਼ੁਰਗਾਂ ਦੀ ਅਸੀਸ ਪ੍ਰਾਪਤ ਕਰਨ ਦੀ ਥਾਂ ਬਜੁਰਗਾਂ ਦੇ ਚੜ੍ਹਾਈ ਕਰਨ ਤੇ ਵਡੇ ਵਡੇ ਇਕੱਠ ਕਰ ਸ਼ਰਧਾਂਜਲੀਆਂ ਭੇਟ ਕਰਕੇ ਆਪਣਾ ਨਕ-ਨਮੂਜ ਰੱਖਣ ਦਾ ਉਪਰਾਲਾ ਕਰਦੇ ਹਾਂ। ਸ਼ਾਇਦ ਬਾਬਾ ਕਬੀਰ ਜੀ ਨੇ ਸਾਡੇ ਇੰਨ੍ਹਾ ਕਰਮਾਂ ਨੂੰ ਵੇਖ ਕੇ ਹੀ ਗਉੜੀ ਰਾਗ ਵਿੱਚ ਹੇਠ ਲਿਖੀਆਂ ਪੰਗਤੀਆਂ ਉਚਾਰਣ ਕੀਤੀਆਂ ਹੋਣ ਕਿ **"ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥ ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥"**

*ਗਉੜੀ ਕਬੀਰ ਜੀ (ਪੰਨਾ ੩੩੨)*

ਅੱਜ ਲੋੜ ਹੈ ਜੀਉਂਦੇ-ਜੀਅ ਮਾਂ-ਬਾਪ ਬਜੁਰਗਾਂ ਦੀ ਸੇਵਾ ਕਰਕੇ ਉਨ੍ਹਾਂ ਦੀ ਅਸੀਸ ਪ੍ਰਾਪਤ ਕਰੀਏ ਅਤੇ ਆਪਣਾ ਫਰਜ਼ ਪੂਰਾ ਕਰਕੇ ਮਾਂ-ਬਾਪ ਦੀ ਕੀਤੀ ਸੇਵਾ



ਦਾ ਰਿਣ ਚੁਕਾਈਏ ਅਤੇ ਫੋਕੇ ਅਡੰਬਰੀ ਕੰਮਾਂ ਤੋਂ ਬਚੀਏ।

ਭਾਈ ਗੁਰਦਾਸ ਜੀ ਦੀ ਸੈਂਤੀਵੀ ਵਾਰ ਦੀ ਤੇਰਵੀਂ ਪਉੜੀ ਦੀ ਸਿਖਿਆ ਹਰ ਬੱਚੇ ਨੂੰ ਆਪਣੇ ਜੀਵਨ ਵਿੱਚ ਬੜੀ ਸੁਚੇਤਤਾ ਦੇ ਨਾਲ ਪੜ੍ਹ ਕੇ ਇਸ ਉਪਦੇਸ਼ ਨੂੰ ਆਪਣੇ ਜੀਵਨ ਵਿੱਚ ਘਟਾਉਣਾ ਚਾਹੀਦਾ ਹੈ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ, ਕਿ ਜਿਹੜਾ ਪੁਤਰ ਮਾਂ ਪਿਓ ਨੂੰ ਤਾਂ ਤਿਆਗ ਦਿੰਦਾ ਹੈ ਉਨ੍ਹਾਂ ਦੀ ਸੇਵਾ ਸੰਭਾਲ ਜਾਂ ਹੁਕਮ ਨਹੀਂ ਮੰਨਦਾ ਅਤੇ ਆਪਣੇ ਭਲੇ ਲਈ ਵੇਦ-ਸ਼ਾਸਤਰਾਂ ਨੂੰ ਸੁਣਦਾ ਹੈ ਐਸੇ ਬੱਚੇ ਨੇ ਅਸਲੀ ਗਿਆਨ ਨੂੰ ਨਹੀਂ ਜਾਣਿਆ। ਜਿਹੜਾ ਪੁੱਤਰ ਮਾਂ ਬਾਪ ਦਾ ਤਿਆਗ ਕਰ ਉਨ੍ਹਾਂ ਦੀ ਸੇਵਾ ਦੇ ਫਰਜ ਪੂਰੇ ਕਰਨ ਤੋਂ ਕੰਨੀ ਕਤਰਾ ਕੇ ਆਪਣੀ ਕਲਿਆਣ ਵਾਸਤੇ ਜੰਗਲਾਂ ਵਿੱਚ ਜਾ ਕੇ ਤਪ ਆਦਿਕ ਕਰਦਾ ਹੈ। ਐਸਾ ਪੁੱਤਰ ਅਸਲੀ ਜੀਵਨ ਜਾਂਚ ਤੋਂ ਭੁੱਲ ਕੇ ਜੰਗਲਾਂ ਵਿੱਚ ਭੁੱਲੇ ਹੋਏ ਮਨੁੱਖ ਦੀ ਤਰ੍ਹਾਂ ਪ੍ਰੇਸ਼ਾਨ ਹੁੰਦਾ ਹੈ। ਜਿਹੜਾ ਬੱਚਾ ਮਾਪਿਆਂ ਦੀ ਸੇਵਾ ਨੂੰ ਛੱਡ ਕੇ ਦੇਵੀ, ਦੇਵਤਿਆਂ ਦੀ ਪੂਜਾ ਕਰਕੇ ਉਨ੍ਹਾਂ ਨੂੰ ਪ੍ਰਸੰਨ ਕਰਨ ਦਾ ਯਤਨ ਕਰਦਾ ਹੈ। ਭਾਈ ਸਾਹਿਬ ਕਹਿੰਦੇ ਹਨ, ਕਿ ਐਸੇ ਮਨੁੱਖ ਦੀ ਸੇਵਾ ਅਤੇ ਪੂਜਾ ਦੇਵੀ ਦੇਵਤੇ ਵੀ ਪ੍ਰਵਾਨ ਨਹੀਂ ਕਰਦੇ। ਜਿਹੜਾ ਪੁੱਤਰ ਮਾਂ-ਬਾਪ ਨੂੰ ਵਿਸਾਰ ਕੇ, ਆਪਣੀ ਕਲਿਆਣ ਲਈ ਅਠਾਹਠ ਤੀਰਥਾਂ ਉਤੇ ਇਸ਼ਨਾਨ ਕਰਦਾ ਫਿਰਦਾ ਹੈ। ਉਹ ਬੱਚਾ ਜੀਵਨ ਦੀ ਅਸਲੀ ਸੇਧ ਤੋਂ ਖੁੰਝ ਕੇ, ਸੰਸਾਰ ਦੇ ਕਰਮਕਾਡਾਂ ਦੀ ਘੁੰਮਣ-ਘੇਰੀ ਵਿੱਚ ਗੋਤੇ ਖਾਂਦਾ ਹੈ। ਜਿਹੜਾ ਪੁੱਤਰ ਮਾਪਿਆਂ ਦਾ ਤਿਆਗ ਕਰਕੇ, ਦਾਨ ਪੁੰਨ ਦੇ ਚੱਕਰਾਂ ਵਿੱਚ ਫਸਿਆ ਹੈ। ਐਸਾ ਪੁੱਤਰ ਅਗਿਆਨਤਾ ਵਿੱਚ ਫਸਿਆ ਹੋਇਆ ਬੇਈਮਾਨ ਹੈ। ਜਿਹੜਾ ਪੁੱਤਰ ਮਾਤਾ ਪਿਤਾ ਦੀ ਤਾਂ ਸੇਵਾ ਨਹੀਂ ਕਰਦਾ ਪਰ ਹੋਮ-ਜੱਗ ਕਰਦਾ ਅਤੇ ਵਰਤ ਰੱਖ ਕੇ ਹੀ ਆਪਣਾ ਨਿਸਤਾਰਾ ਚਾਹੁੰਦਾ ਹੈ, ਐਸੇ ਪੁੱਤਰ ਦਾ ਨਿਸਤਾਰਾ ਤਾਂ ਕੀ ਹੋਣਾ ਹੈ ਸਗੋਂ ਚੌਰਾਸੀ ਲਖ ਜੂਨਾਂ ਦੇ ਚੱਕਰ ਵਿੱਚ ਬਾਰ ਬਾਰ ਉਸ ਨੂੰ ਭ੍ਰਮਣ ਕਰਨਾ ਪਵੇਗਾ। ਇਹੋ ਜਿਹੇ ਖੋਟੇ ਪੁੱਤਰ ਨੇ ਗੁਰੂ ਅਤੇ ਪ੍ਰਮੇਸਰ ਦੀ ਭੋਰਾ ਜਿੰਨੀ ਵੀ ਸਾਰ ਨਹੀਂ ਜਾਣੀ—

**ਮਾਂ ਪਿਉ ਪਰਹਰਿ ਸੁਣੈ ਬੇਦ ਭੇਦੁ ਨ ਜਾਣੈ ਕਥਾ ਕਹਾਣੀ ॥**
**ਮਾਂ ਪਿਉ ਪਰਹਰਿ ਕਰੈ ਤਪੁ ਵਣ ਖੰਡਿ ਭੁਲਾ ਫਿਰੈ ਬਿਬਾਣੀ ॥**
**ਮਾਂ ਪਿਉ ਪਰਹਰਿ ਕਰੈ ਪੂਜੁ ਦੇਵੀ ਦੇਵ ਨ ਸੇਵ ਕਮਾਣੀ ॥**
**ਮਾਂ ਪਿਉ ਪਰਹਰਿ ਨ੍ਹਾਵਣਾ ਅਠਸਠਿ ਤੀਰਥ ਘੁੰਮਣਵਾਣੀ ॥**
**ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ ॥**
**ਮਾਂ ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮਿ ਭੁਲਾਣੀ ॥**
**ਗੁਰ ਪਰਮੇਸਰੁ ਸਾਰੁ ਨ ਜਾਣੀ ॥੧੩ ॥** *(ਵਾਰ ੩੧ ਪਉੜੀ ੧੩)*

ਸੋ ਲੋੜ ਹੈ ਫੋਕੇ ਕਰਮ ਕਾਂਡਾਂ ਅਤੇ ਵਿਖਾਵੇ ਦੇ ਰਸਮੋ ਰਿਵਾਜਾਂ ਦਾ

ਤਿਆਗ ਕਰਕੇ, ਜਿਊਂਦੇ ਜੀਅ ਮਾਤਾ ਪਿਤਾ ਦੀ ਸੇਵਾ ਕਰਕੇ ਆਪਣੇ ਫਰਜ ਨੂੰ ਚੁਕਾਈਏ ਅਤੇ ਉਨ੍ਹਾਂ ਦੀ ਪਿਆਰ ਅਸੀਸ ਲੈ ਕੇ ਗੁਰੂ ਖੁਸ਼ੀ ਨੂੰ ਪ੍ਰਾਪਤ ਕਰਨ ਦਾ ਯਤਨ ਕਰੀਏ ਅਤੇ ਬਜੁਰਗਾਂ ਦੇ ਪ੍ਰਲੋਕ ਗਵਨ ਕਰਨ ਤੋਂ ਪਿੱਛੋ ਲੋਕ ਵਿਖਾਵੇ ਦੇ ਅਡੰਬਰੀ ਕਰਮਕਾਂਡਾ ਤੋਂ ਤੋਬਾ ਕਰੀਏ।

## 6. ਸੋਹਣੇ ਬਣਨ ਦਾ ਸ਼ੌਂਕ :

ਹਰ ਮਨੁੱਖ ਨੂੰ ਸਰੀਰਕ ਤੌਰ ਤੇ ਖੂਬਸੂਰਤ ਜੀਵਨ ਜਿਉਣਾ ਚਾਹੀਦਾ ਹੈ। ਸਰੀਰਕ ਸਵੱਸ਼ਤਾ ਉਪ੍ਰੰਤ ਚੰਗੇ ਸਾਦੇ ਸਵੱਛ ਕਪੜੇ ਪਹਿਨਣੇ ਚਾਹੀਦੇ ਹਨ। ਪਰ ਅਜ ਨੌਜਵਾਨ ਸੁਹਣਾ ਬਣਦਾ ਬਣਦਾ ਕਾਦਰ ਅਗੇ ਹੀ ਆਕੀ ਹੋ ਕੇ ਖਲੋ ਗਿਆ ਹੈ। ਕਾਦਰ ਦੀ ਬਖਸ਼ਿਸ਼ ਕੀਤੀ ਹੋਈ **"ਸਾਬਤ ਸੂਰਤ ਦਸਤਾਰ ਸਿਰਾ"** ਨੂੰ ਤਿਲਾਂਜਲੀ ਦੇ ਰਿਹਾ ਹੈ। ਲੋੜ ਤਾਂ ਇਸ ਗੱਲ ਦੀ ਸੀ ਕਿ ਪੂਰੇ ਪ੍ਰਭੂ ਨੇ ਜੋ ਸਰੂਪ ਬਖਸ਼ਿਸ਼ ਕੀਤਾ ਸੀ ਉਸ ਨੂੰ ਸੰਭਾਲ ਕੇ ਮਨੁੱਖ ਪ੍ਰਭੂ ਅਨੁਸਾਰੀ ਹੋ ਕੇ ਤੁਰਦਾ ਅਤੇ ਮੰਨਦਾ ਕਿ **"ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥"** ਪਰ ਪੱਛਮੀ ਸਭਿਅਤਾ ਦੇ ਪ੍ਰਭਾਵ ਅਧੀਨ ਮਨੁੱਖ ਸੁਹਣਾ ਬਣਦਾ ਬਣਦਾ ਸਗੋਂ ਕਰੂਪ ਬਣ ਰਿਹਾ ਹੈ। ਗੁਰੂ ਦੀ ਦ੍ਰਿਸ਼ਟੀ ਵਿੱਚ ਸੁੰਦਰ ਉਹ ਹਨ ਜੋ ਭਲੇ ਪੁਰਸ਼ਾਂ ਦੀ ਸੰਗਤ ਵਿੱਚ ਬੈਠਦੇ ਹਨ, ਜੀਵਨ ਵਿੱਚ ਚੰਗੇ ਕਰਮ ਕਰਦੇ ਹਨ। **"ਸੇਈ ਸੁੰਦਰ ਸੋਹਣੇ ॥ ਸਾਧ ਸੰਗਿ ਜਿਨ ਬੈਹਣੇ"** ਪਰ ਅੱਜ ਦਾ ਨੌਜਵਾਨ ਕੁਸੰਗਤ ਵਿੱਚ ਬੈਠ ਕੇ, ਲਚਰ ਗੀਤ ਗਾਉਣ ਵਾਲਿਆਂ ਦੀ ਸੁਹਬਤ ਕਰਕੇ ਉਨ੍ਹਾਂ ਵਰਗੀ ਸ਼ਕਲ ਬਣਾ ਕੇ ਸੁਹਣਾ ਬਣਨ ਦਾ ਜਤਨ ਕਰਦਾ ਹੈ। ਸੁਹਣਾ ਬਣਨ ਲਈ ਕਦੇ ਕੰਨਾਂ ਵਿੱਚ ਮੁੰਦਰਾਂ ਪਾਉਂਦਾ ਹੈ, ਕਦੀ ਕੰਨਾਂ ਵਿੱਚ ਕੋਕੇ, ਕਦੇ ਗਲ ਵਿੱਚ ਢੋਢਣੇ ਤਬੀਤ ਪਾ ਕੇ ਆਪਣੀ ਅਲਪ-ਬੁੱਧੀ ਦਾ ਪ੍ਰਗਟਾਵਾ ਕਰਦਾ ਹੈ। ਕਾਦਰ ਨੇ ਜੋ ਸਰੂਪ ਬਖਸ਼ਿਸ ਕੀਤਾ ਸੀ ਉਸ ਦੀ ਭੰਨ ਤੋੜ ਕਰਕੇ, ਪ੍ਰਭੂ ਹੁਕਮ ਤੋਂ ਆਕੀ ਹੋ ਕੇ, ਦਰਗਾਹ ਵਿੱਚ ਸਜਾ ਭੋਗਣ ਦੇ ਰਸਤੇ ਨੂੰ ਅਪਣਾਉਂਦਾ ਹੈ। ਅੱਜ ਲੋੜ ਹੈ, ਨੌਜਵਾਨਾਂ ਨੂੰ ਸੰਭਲਣ ਦੀ, ਕੁਦਰਤ ਅਨੁਸਾਰੀ ਹੋ ਕੇ ਸ਼ੁਭ ਗੁਣਾਂ ਦੇ ਧਾਰਨੀ ਬਣ ਕੇ, ਗੁਰੂ ਹੁਕਮ ਅਨੁਸਾਰ ਆਪਣਾ ਜੀਵਨ ਢਾਲਣ ਦੀ। ਜੇ ਗੁਰੂ ਦੀ ਅਗਵਾਈ ਵਿੱਚ ਕਾਦਰ ਦੇ ਹੁਕਮ ਵਿੱਚ ਕੁਦਰਤ ਅਨੁਸਾਰੀ ਹੋ ਕੇ ਚਲਾਂਗੇ ਫਿਰ ਜੀਵਨ ਪੰਧ ਵਿੱਚ ਟਕਰਾਉ ਨਹੀਂ ਬਣੇਗਾ, ਜੇ ਕੁਦਰਤ ਤੋਂ ਬਾਗ਼ੀ ਹੋਵਾਂਗੇ ਫਿਰ ਦਰ ਦਰ ਦੀਆਂ ਠੋਹਕਰਾਂ ਅਵੱਸ਼ ਸਹਿਨ ਕਰਨੀਆਂ ਹੀ ਪੈਣਗੀਆਂ। ਜਰਾ ਵੀਚਾਰਨ ਦੀ ਖੇਚਲ ਕਰਨੀ ਜੀ।

## 7. ਸਿਰਦਾਰੀ ਨੂੰ ਤਿਲਾਂਜਲੀ :

ਜਿਵੇਂ ਪੰਜਾਬੀ ਦੀ ਕਹਾਵਤ ਹੈ, **"ਇਕ ਨੂੰ ਕੀ ਰੋਨੀ ਐ ਊਤ ਗਿਆ ਈ ਆਵਾ"** ਵਾਲੀ ਕਹਾਵਤ ਸਾਡੇ ਉੱਤੇ ਢੁਕ ਗਈ ਹੈ। ਇਕ ਦੂਜੇ ਦੀ ਰੀਸੋ ਰੀਸੀ,



ਦੇਖਾ ਦੇਖੀ ਉਹ ਨੌਜਵਾਨ, ਵੀ ਜਿਨ੍ਹਾਂ ਪ੍ਰਵਾਰਾਂ ਵਿੱਚ ਜੱਦੀ ਪੁਸ਼ਤੀ ਸਰਦਾਰੀ ਚਲੀ ਆ ਰਹੀ ਸੀ। ਜਿਹੜੀ ਸਰਦਾਰੀ ਕਲਗੀਧਾਰ ਪਾਤਸ਼ਾਹ ਜੀ ਨੇ ਸਰਬੰਸ ਵਾਰ ਕੇ, ਅਖੌਤੀ ਸਵਰਨ ਜਾਤੀ ਦੇ ਲੋਕਾਂ ਅਤੇ ਮੌਕੇ ਦੇ ਰਾਜਿਆਂ ਦੀਆਂ ਸ਼ਰਤਾਂ ਨੂੰ ਠੁਕਰਾ ਕੇ, ਬਖਸ਼ੀ ਸੀ ਅਤੇ ਫੁਰਮਾਇਆ ਸੀ :

**ਜਿਨ ਕੀ ਬਰਨ ਗੋਤ ਕੁਲ ਨਾਹੀ ॥**
**ਸਿਰਦਾਰੀ ਨ ਭਈ ਕਿਦਾਈ ॥**
**ਇਨਹੀ ਕੋ ਸਿਰਦਾਰ ਬਨਾਊਂ ॥**
**ਤਬੈ ਗੋਬਿੰਦ ਸਿੰਘ ਨਾਮ ਕਹਾਊ ॥**

ਅਤੇ ਹੁਕਮ ਕੀਤਾ ਸੀ :

**ਇਨ ਗ੍ਰੀਬ ਸਿਖਨ ਕੋ ਮੈਂ ਦੇਉ ਪਾਤਸ਼ਾਹੀ ॥**
**ਜਿਹ ਯਾਦ ਰਹੇ ਹਮਰੀ ਗੁਰਆਈ ॥**

ਦੀਆਂ ਬਖਸ਼ਸ਼ਾਂ ਕੀਤੀਆਂ ਸਨ। ਦਾੜ੍ਹੀ ਕੇਸ ਜੋ ਸਿਰਦਾਰੀ ਦੇ ਚਿੰਨ ਹਨ ਇਨ੍ਹਾਂ ਸਰਦਾਰੀ ਦੇ ਚਿੰਨਾਂ ਨੂੰ ਅੱਜ ਦਾ ਨੌਜਵਾਨ ਜੇਬ ਵਿਚੋਂ ਪੈਸੇ ਖਰਚ ਕੇ, ਨਾਈ ਦੀ ਗੰਦੀ ਟੋਕਰੀ ਵਿੱਚ ਸੁੱਟ ਰਿਹਾ ਹੈ। ਦਸਤਾਰ ਨੂੰ ਤਿਲਾਂਜਲੀ ਦੇ ਕੇ ਸਰਦਾਰ ਬਨਣ ਦੀ ਥਾਂ ਬਾਬੂ ਬਣਨ ਨੂੰ ਤਰਜੀਹ ਦੇ ਰਿਹਾ ਹੈ ਜੋ ਸਿਖ ਨੌਜਵਾਨੀ ਲਈ ਬਹੁਤ ਹੀ ਖਤਰਨਾਕ ਰੁਝਾਨ ਹੈ। ਸਾਨੂੰ ਸਾਰਿਆਂ ਨੂੰ ਉਚੇਚੇ ਤੌਰ ਤੇ ਇਸ ਮਾੜੇ ਰੁਝਾਨ ਨੂੰ ਰੋਕਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਅਗਿਆਨਤਾ ਵਸ ਚਲ ਰਹੀ ਨੌਜਵਾਨ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ ਨਾਲ ਜੁੜਨ ਲਈ ਪ੍ਰੇਰਨਾ ਕਰਨੀ ਚਾਹੀਦੀ ਹੈ। ਨੌਜਵਾਨਾਂ ਨੂੰ ਵੀ ਆਪਣੇ ਪਿਤਾ ਪੁਰਖੀ ਵਿਰਸੇ ਅਤੇ ਗੁਰੂ ਬਖਸ਼ਿਸ਼ਾਂ ਨੂੰ ਸੰਭਾਲਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਨਾ ਸੰਭਲਾਂਗੇ ਤਾਂ ਪਛਤਾਵੇ ਦਾ ਸਲ੍ਹ ਸਾਨੂੰ ਹਮੇਸ਼ਾ-ਹਮੇਸ਼ਾ ਵਾਸਤੇ ਕੁਹਦਾ ਰਹੇਗਾ। ਜੇ ਇਹ ਸੱਚਾਈ ਮਨ ਨੂੰ ਲੱਗਦੀ ਹੋਵੇ ਤਾਂ ਮੁੜ ਘਰ ਵਾਪਸੀ ਲਈ ਢਿਲ ਨਹੀਂ ਕਰਨੀ ਚਾਹੀਦੀ।

## 8. ਨਸ਼ਿਆਂ ਦਾ ਰੁਝਾਨ :

ਦਾੜ੍ਹੀ ਕੇਸਾਂ ਦੀ ਬਿਅਦਬੀ ਅਤੇ ਦਸਤਾਰ ਦਾ ਤਿਆਗ ਤਾਂ ਇਕ ਪਾਸੇ ਰਿਹਾ ਹੁਣ ਤਾਂ ਨੌਜਵਾਨੀ ਵਿਚੋਂ ਨਸ਼ਾ ਰਹਿਤ ਨੌਜਵਾਨ ਲੱਭਣਾ ਔਖਾ ਹੈ। ਜਿਵੇਂ ਸਤਿਗੁਰ ਅਰਜਨ ਦੇਵ ਜੀ ਨੇ ਫੁਰਮਾਇਆ ਹੈ, **"ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ"** ਵਾਲੀ ਗਲ ਬਣ ਗਈ ਹੈ। ਨਸ਼ਿਆਂ ਦੀ ਦਾਵਾ ਅੱਗ ਨੌਜਵਾਨੀ ਦੇ ਸਮੂਹਾਂ ਦੇ ਸਮੂਹਾਂ ਨੂੰ ਭਸਮ ਕਰੀ ਜਾ ਰਹੀ ਹੈ।

ਇਹ ਨਸ਼ੇ ਜੋ ਮਨੁੱਖ ਦੇ ਸਰੀਰ ਦਾ ਵੀ ਨਾਸ਼ ਕਰਦੇ ਹਨ, ਧਨ ਦੀ ਬਰਬਾਦੀ ਦਾ

ਵੀ ਕਾਰਣ ਬਣਦੇ ਹਨ। ਸਮਾਜ ਵਿੱਚ ਵੀ ਮਨੁੱਖ ਦੀ ਇੱਜ਼ਤ ਮਾਣ ਨੂੰ ਮਿੱਟੀ ਵਿੱਚ ਰੋਲ ਦਿੰਦੇ ਹਨ। ਅਨੇਕਾਂ ਸਰੀਰਕ ਅਤੇ ਮਾਨਸਿਕ ਰੋਗਾਂ ਦੇ ਜਨਮ ਦਾਤਾ ਹਨ। ਐਸੇ ਦੁਸ਼ਮਣ ਨਸ਼ਿਆਂ ਨੂੰ ਅੱਜ ਦਾ ਨੌਜਵਾਨ ਆਪਣੇ ਮਿਤ੍ਰ ਸਮਝ ਕੇ ਇਨ੍ਹਾਂ ਨਾਲ ਭਾਈਵਾਲੀ ਪਾ ਬੈਠਾ ਹੈ ਪਰ ਯਾਦ ਰੱਖੋ ਜਿਸ ਜਿਸ ਨੇ ਵੀ ਨਸ਼ਿਆਂ ਨਾਲ ਭਾਈਵਾਲੀ ਪਾਈ, ਨਸ਼ਿਆਂ ਦੀ ਆਮਦ ਦੇ ਨਾਲ ਹੀ ਨਸ਼ਿਆਂ ਦਾ ਵਡਾ ਪ੍ਰਵਾਰ, ਕੈਂਸਰ, ਬਲੱਡ ਪ੍ਰੈਸ਼ਰ, ਮਿਹਦੇ ਅਤੇ ਜਿਗਰ ਦੇ ਰੋਗ, ਮਿਰਗੀ ਅਤੇ ਲਕਵੇ ਦੇ ਦੌਰੇ, ਜਲੋਧਰ ਵਰਗੀਆਂ ਨਾਮੁਰਾਦ ਬਿਮਾਰੀਆਂ ਦਾ ਵੱਡਾ ਟੱਬਰ ਬਿਨਾਂ ਬੁਲਾਇਆ ਹੀ ਮਨੁੱਖ ਦੇ ਸਰੀਰ ਉੱਤੇ ਆ ਕਾਬਜ ਹੁੰਦਾ ਹੈ। ਨਸ਼ੇ ਮਿੱਠਾ ਜ਼ਹਿਰ ਹਨ, ਜੋ ਸਹਿਜੇ ਸਹਿਜੇ ਸਰੀਰ ਨੂੰ ਗਾਲਦੇ ਹਨ, ਪਤਾ ਉਦੋਂ ਚੱਲਦਾ ਹੈ ਜਦੋਂ ਸਾਰਾ ਸਰੀਰ ਨਿਕਾਰਾ ਹੋ ਜਾਂਦਾ ਹੈ। ਅੱਜ ਦੀ ਨੌਜਵਾਨੀ ਅਗਿਆਨਤਾ ਵਸ ਜਾਂ ਰੀਸੋ ਰੀਸੀ, ਨਸ਼ਿਆਂ ਦੀ ਗ੍ਰਿਫਤ ਵਿੱਚ ਆ ਚੁੱਕੀ ਹੈ। ਜਿਸ ਕਾਰਣ ਨੌਜਵਾਨੀ ਦਾ ਭਵਿੱਖ ਧੁੰਧਲਾ ਜਾਪ ਰਿਹਾ ਹੈ। ਨਿਰਾ ਧੁੰਦਲਾ ਹੀ ਨਹੀਂ ਜਾਪ ਰਿਹਾ ਸਗੋਂ ਖਤਮ ਹੋਣ ਵਾਲਾ ਨਜ਼ਰ ਆ ਰਿਹਾ ਹੈ। ਹਰ ਸਿਆਣਾ ਮਨੁੱਖ ਅਜੋਕੇ ਸਮੇਂ ਦੀ ਦਸ਼ਾ ਨੂੰ ਵੇਖ ਕੇ ਚਿੰਤਤ ਹੈ। ਜੇ ਨੌਜਵਾਨਾਂ ਨੇ ਸਿਆਣੇ ਹਮਦਰਦਾਂ ਦੀ ਗੱਲ ਨਾ ਸੁਣੀ ਅਤੇ ਨਾ ਹੀ ਉਨ੍ਹਾਂ ਵਲੋਂ ਦਿੱਤੀ ਸੇਧ ਨੂੰ ਕਬੂਲਿਆ ਤਾਂ ਛੇਤੀ ਹੀ ਸਮਾਂ ਆ ਰਿਹਾ ਹੈ ਕਿ ਸਰਕਾਰ ਵੀ ਨਸ਼ਈਆਂ ਦੀ ਤੇ ਪਰਜਾ ਵੀ ਨਸ਼ਈਆਂ ਦੀ ਬਣ ਜਾਵੇ**ਗੀ**। ਫਿਰ ਉਹ ਕੁਝ ਹੋਵੇਗਾ ਅਤੇ ਹੋਣਾ ਹੈ, ਜੋ ਆਪਾਂ ਨਸ਼ਈਆਂ ਦੀਆਂ ਕਹਾਣੀਆਂ ਪੁਸਤਕਾਂ ਵਿੱਚ ਪੜ੍ਹਦੇ ਅਤੇ ਸੁਣਦੇ ਹਾਂ। ਦੀਰਘ ਵੀਚਾਰ ਨਾਲ ਸੋਚੋ, ਵੀਚਾਰੋ ਜੇ ਵਾਕਿਆ ਹੀ ਸੱਚਾਈ ਹੈ ਫਿਰ ਇਨ੍ਹਾਂ ਨਸ਼ਿਆਂ ਦਾ ਜਰੂਰ ਤਿਆਗ ਕਰ ਦੇਵੋ।

## 9. ਇਲੈਕਸ਼ਨਾਂ ਵਿੱਚ ਨਸ਼ੇ :

ਨਸ਼ੇ ਸਾਡੇ ਸਮਾਜ ਵਿੱਚ ਇੰਨੀ ਘੁਸ-ਪੈਠ ਕਰ ਗਏ ਹਨ ਅਤੇ ਸਮਾਜ ਨੇ ਨਸ਼ਿਆਂ ਨੂੰ ਇੰਨੀ *ਸਤਿਕਾਰਤਾ* ਦੇ ਦਿੱਤੀ ਹੈ ਕਿ ਸ਼ਰਾਬ ਦੇ ਨਸ਼ੇ ਤੋਂ ਬਿਨਾਂ ਨਾ ਤਾਂ ਕੋਈ ਪਾਰਟੀ, ਨਾ ਕੋਈ ਵਿਆਹ ਅਤੇ ਨਾ ਹੀ ਰਾਜਨੀਤਕ ਸਮਾਰੋਹ (Function) ਸੰਪੂਰਨ ਸਮਝਿਆ ਜਾਂਦਾ ਹੈ।

ਸਮਾਜ ਨੇ ਚਾਹੇ ਪਿੰਡ ਦਾ ਪੰਚ ਚੁਣਨਾ ਹੋਵੇ ਭਾਵੇਂ ਸਰਪੰਚ, ਚਾਹੇ ਐਮ. ਐਲ. ਏ. ਦੀ ਚੋਣ ਹੋਵੇ ਜਾਂ ਫਿਰ ਮੈਂਬਰ ਪਾਰਲੀਮੈਂਟ ਦੀ, ਇਨ੍ਹਾਂ ਦੀ ਚੋਣ ਦਾ ਅਰੰਭ ਹੀ ਸ਼ਰਾਬ ਦੀਆਂ ਪੇਟੀਆਂ ਅਤੇ ਭੁੱਕੀ ਦੀਆਂ ਬੋਰੀਆਂ ਤੋਂ ਹੁੰਦਾ ਹੈ ਜਦ ਕਿ ਇਨ੍ਹਾਂ ਲੋਕਾਂ ਨੇ ਸਮੁਚੇ ਸਮਾਜ ਦੀ ਅਗਵਾਈ ਕਰਨੀ ਹੈ। ਲੋਕਾਂ ਨੂੰ ਨਿੱਗਰ ਸੇਧ ਦੇਣੀ ਹੈ ਅਤੇ ਸਮਾਜਿਕ ਕੁਰੀਤੀਆਂ ਤੋਂ ਲੋਕਾਂ ਨੂੰ ਬਚਾਉਣਾ ਹੈ ਪਰ ਆਪਣੇ ਮਤਲਬ ਅਤੇ



ਖੁਦਗਰਜੀ ਲਈ ਹਰ ਵਰਗ ਨੇ ਆਪਣੀ ਜਿੰਮੇਵਾਰੀ ਭੁਲਾਈ ਹੋਈ ਹੈ। ਹੋਰ ਤਾਂ ਇਕ ਪਾਸੇ ਰਿਹਾ ਸ਼੍ਰੋ. ਗੁ. ਪ੍ਰ. ਕਮੇਟੀ ਜਿਨ੍ਹਾਂ ਨੇ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਹੈ, ਲੋਕਾਂ ਨੂੰ ਨਸ਼ਿਆਂ ਦੇ ਕੋਹੜ ਤੋਂ ਬਚਾਉਣਾ ਅਤੇ ਸਮਾਜ ਨੂੰ ਧਰਮ ਦੀ ਨਿਗਰ ਸੇਧ ਪ੍ਰਦਾਨ ਕਰਨੀ ਹੈ। ਗੁਰੂ ਘਰਾਂ ਦੇ ਆਦਰਸ਼ਕ ਪ੍ਰਬੰਧਕ ਬਣ ਕੇ ਗੁਰੂ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣਾ ਜਿਨ੍ਹਾਂ ਦਾ ਮੁੱਖ ਫਰਜ਼ ਹੈ, ਇਨ੍ਹਾਂ ਦੀ ਇਲੈਕਸ਼ਨ ਵੀ ਨਸ਼ਿਆਂ ਦੇ ਪ੍ਰਭਾਵ ਤੋਂ ਮੁਕਤ ਨਹੀਂ ਰਹੀ। ਸ਼੍ਰੋ. ਗੁ. ਪ੍ਰ. ਕਮੇਟੀ ਦੀਆਂ ਚੋਣਾਂ ਸਮੇਂ ਵੀ ਨਸ਼ਿਆਂ ਦੀ ਖੁਲ੍ਹੀ ਵਰਤੋਂ ਹੁੰਦੀ ਹੈ। ਜਿਸ ਕਿਸਮ ਦਾ ਨਸ਼ਾ ਵੋਟਰ ਚਾਹੁੰਦਾ ਹੈ, ਉਸ ਦੀ ਮੰਗ ਪੂਰੀ ਕੀਤੀ ਜਾਂਦੀ ਹੈ।

ਆਮ ਮਨੁੱਖ ਦੀ ਗੱਲ ਤਾਂ ਇਕ ਪਾਸੇ ਰਹੀ, ਸਕੂਲਾਂ ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀ ਬੱਚੇ ਬੱਚੀਆਂ ਨਸ਼ੇ ਦੀਆਂ ਗੋਲੀਆਂ, ਕੈਪਸੂਲ ਅਤੇ ਹੋਰ ਨਸ਼ੀਲੇ ਪਦਾਰਥ ਵਰਤ ਕੇ ਆਪਣੇ ਆਪ ਨੂੰ ਧੋਖਾ ਦੇ ਕੇ ਆਪਣੇ ਭਵਿੱਖ ਨਾਲ ਵੈਰ ਕਮਾ ਰਹੇ ਹਨ। ਅੱਜ ਲੋੜ ਆਪ ਸੰਭਲਣ ਦੀ ਅਤੇ ਨਸ਼ੇ ਦਾ ਸ਼ਿਕਾਰ ਹੋ ਚੁੱਕੇ ਬਚਿਆਂ ਨੂੰ ਸਮਝਾਉਣ ਦੀ ਹੈ। ਅਨਗਹਿਲੀ ਕਰਾਂਗੇ ਤਾਂ ਫਿਰ ਬਾਬਾ ਕਬੀਰ ਜੀ ਦਾ ਫੁਰਮਾਨ ਜਰੂਰ ਵਰਤ ਜਾਵੇਗਾ। ਬਾਬਾ ਜੀ ਦਾ ਫੁਰਮਾਨ ਹੈ :

**ਕਬੀਰ ਡੂਬਹਿਗੋ ਰੇ ਬਾਪੁਰੇ ਬਹੁ ਲੋਗਨ ਕੀ ਕਾਨਿ ॥**
**ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨ ॥** *ਕਬੀਰ ਜੀ (ਪੰਨਾ ੧੩੬੩)*

ਜਿਵੇਂ ਅੰਗ੍ਰੇਜ਼ਾਂ ਨੇ ਕੁਟਲ ਨੀਤੀ ਵਰਤ ਕੇ, ਅਮਰੀਕਾ ਦੇ ਮੂਲ ਨਿਵਾਸੀ **ਰੈਡ ਇੰਡੀਅਨਜ** ਦਾ, ਅਤੇ ਆਸਟ੍ਰੇਲੀਆ ਦੇ **ਐਬੋਰਿਜ਼ਨਾਂ** ਦਾ ਹਸ਼ਰ ਕੀਤਾ, ਉਹ ਸਾਡੇ ਸਾਰਿਆਂ ਦੇ ਸਾਹਮਣੇ ਹੈ। ਜਿਵੇਂ **ਜਪਾਨੀਆਂ ਨੇ ਚੀਨੀਆਂ** ਨੂੰ ਅਤੇ **ਰੂਸ ਨੇ ਮੰਗੋਲੀਅਨ ਲੋਕਾਂ ਨੂੰ** ਨਸ਼ਿਆਂ ਦੇ ਗੁਲਾਮ ਬਣਾ ਕੇ ਉਨ੍ਹਾਂ ਨੂੰ ਦਰ ਦਰ ਭਟਕਣ ਲਈ ਮਜਬੂਰ ਕਰ ਦਿੱਤਾ, 1948 ਦੇ ਚੀਨੀ ਇਨਕਬਾਲ ਮਗਰੋਂ, ਅਫੀਮ ਨੂੰ ਆਪਣੇ ਮੁਲਕ ਵਿਚੋਂ ਕੱਢ ਕੇ ਹੀ ਚੀਨ ਸੰਸਾਰ ਦਾ ਸ਼ਕਤੀਸ਼ਾਲੀ ਦੇਸ਼ ਬਣ ਸਕਿਆ। ਨੌਜਵਾਨਾਂ ਨੂੰ ਸੋਚਣ ਦੀ ਲੋੜ ਹੈ, ਜੇ ਇਸੇ ਤਰ੍ਹਾਂ ਨਸ਼ਿਆਂ ਦਾ ਰੁਝਾਨ ਵਧਦਾ ਗਿਆ, ਨੌਜਵਾਨਾਂ ਨੇ ਆਪਣੇ ਆਪ ਉੱਤੇ ਕਾਬੂ ਨਾ ਪਾਇਆ, ਫਿਰ ਸਾਡੀ ਨੌਜਵਾਨੀ ਦਾ ਹਸ਼ਰ ਵੀ ਰੈਡ ਇੰਡੀਅਨਜ਼ ਅਤੇ ਐਬੋਰਿਜ਼ਨਾਂ ਵਰਗਾ ਹੋ ਸਕਦਾ ਹੈ। ਅਜ ਬਹੁਤ ਹੀ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਬਹੁਤ ਹੀ ਖਤਰਨਾਕ ਸਮਾਂ ਚਲ ਰਿਹਾ ਹੈ। ਨੌਜਵਾਨਾਂ ਵਿੱਚ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਪ੍ਰਤੀ ਜਾਗ੍ਰਤੀ ਲਿਆਉਣ ਲਈ ਠੋਸ ਉਪਰਾਲੇ ਕਰਨ ਦੀ ਲੋੜ ਹੈ। ਜਰੂਰ ਇਸ ਪਾਸੇ ਧਿਆਨ ਦਿਉ ਜੀ।

## 10. ਜਾਤ-ਪਾਤ ਦਾ ਕੋਹੜ :

ਗੁਰੂ ਮਹਾਰਾਜ ਜੀ ਨੇ, **"ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ"** ਦਾ ਨਾਅਰਾ ਦਿੱਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ, **"ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥"** ਦੀ ਅਗਵਾਈ ਦੇ ਕੇ [A]**"ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ ॥"**[B] ਦਾ ਉਪਦੇਸ਼ ਬਖਸ਼ਸ਼ ਕੀਤਾ ਸੀ। ਪਰ ਅੱਜ ਆਪਾਂ ਜਾਤਾਂ-ਪਾਤਾਂ, ਗੋਤਾਂ ਦੇ ਚਿੱਕੜ ਵਿੱਚ ਮੁੜ ਫਸ ਗਏ ਹਾਂ। ਬਾਬਾ ਕਬੀਰ ਜੀ ਨੇ ਤਾਂ ਜਾਤ ਅਭਿਮਾਨੀਆਂ ਨੂੰ ਅਸਲੀਅਤ ਸਮਝਾਉਣ ਲਈ ਹੇਠ ਲਿਖੇ ਸ਼ਬਦ ਵਰਤੇ ਸਨ ਕਿ,

**ਜੌ ਤੂੰ ਬ੍ਰਾਹਮਣੁ ਬ੍ਰਹਮਣੀ[੧] ਜਾਇਆ ॥**
**ਤਉ ਆਨ[੨] ਬਾਟ ਕਾਹੇ ਨਹੀ ਆਇਆ ॥੨ ॥**
**ਤੁਮ ਕਤ ਬ੍ਰਾਹਮਣ ਹਮ ਕਤ ਸੂਦ[੩] ॥**
**ਹਮ ਕਤ ਲੋਹੂ ਤੁਮ ਕਤ ਦੂਧ ॥੩ ॥**
**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥**
**ਸੋ ਬ੍ਰਾਹਮਣ ਕਹੀਅਤੁ ਹੈ ਹਮਾਰੈ ॥੪ ॥**

*ਗਉੜੀ ਕਬੀਰ ਜੀ (ਪੰਨਾ ੩੨੪)*

ਜਾਤਾਂ-ਪਾਤਾਂ ਦੀਆਂ ਵੰਡੀਆਂ ਤਾਂ ਮਨੁੱਖ ਦੀ ਕਾਢ ਹੈ ਅਸਲੀਅਤ ਤਾਂ ਕੁਝ ਹੋਰ ਹੈ। ਉਹ ਹੈ —

**ਅਵਲਿ ਅਲਹ ਨੂਰੁ[੪] ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧ ॥**
**ਲੋਗਾ ਭਰਮਿ ਨ ਭੂਲਹੁ ਭਾਈ ॥[੫] ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਹੀ ॥੧ ॥ ਰਹਾਉ ॥**
**[੬]ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥**
**ਨਾ ਕਛੁ ਪੋਚ[੭] ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ[੮] ॥੨ ॥**

---

A. ਫਜ਼ੂਲ ਹੈ ਜਾਤ ਦੀ ਵਡਿਆਈ ਕਰਨੀ ਅਤੇ ਫਜ਼ੂਲ ਹੈ ਜਾਤ ਦਾ ਅਭਿਮਾਨ ਕਰਨਾ।

B. ਸਾਰੇ ਜੀਵਾਂ ਦਾ ਆਸਰਾ ਕੇਵਲ ਇਕ ਪ੍ਰਮਾਤਮਾ ਹੀ ਹੈ।

1. ਜੇ ਤੂੰ ਬ੍ਰਾਹਮਣੀ ਦਾ ਪੁਤ੍ਰ ਹੈ 2. ਹੋਰ ਰਸਤੇ 3. ਸ਼ੂਦਰ 4. ਪ੍ਰਮਾਤਮਾ ਦੀ ਜੋਤ ਤੋਂ 5. ਪ੍ਰਮਾਤਮਾ ਦੁਨੀਆਂ ਵਿੱਚ ਰਮਿਆ ਹੋਇਆ ਹੈ, ਦੁਨੀਆਂ ਪ੍ਰਮਾਤਮਾ ਵਿੱਚ ਓਤਪੋਤ ਹੈ। 6. ਪੰਜਾਂ ਤੱਤਾਂ ਦੀ ਮਿੱਟੀ ਹੀ ਸਾਰਿਆਂ ਨੂੰ ਲਗੀ ਹੋਈ ਹੈ। 7. ਨੁਕਸ 8. ਘੜਨ ਵਾਲਾ (ਪ੍ਰਮਾਤਮਾ)



**ਸਭ ਮਹਿ ਸਚਾ ਏਕੋ ਸੋਈ ਜਿਸ ਕਾ ਕੀਆ ਸਭੁ ਕਛੁ ਹੋਈ ॥**
**ਹੁਕਮ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥**

*(ਪ੍ਰਭਾਤੀ ਕਬੀਰ ਜੀ, ਪੰਨਾ ੧੩੫੦)*

ਅੱਜ ਦੇ ਨਵਜੰਮੇ ਬੱਚੇ ਨੂੰ ਆਪਣਾ ਅਸਲੀ ਨਾਮ ਭਾਵੇਂ ਨ ਯਾਦ ਹੋਵੇ ਪਰ ਉਸਨੂੰ ਆਪਣਾ ਗੋਤ (Last Name) ਤੋਤੇ ਵਾਂਗ ਰਟਿਆ ਹੁੰਦਾ ਹੈ। ਇਹ ਕਿਸ ਦੀ ਦੇਣ ਹੈ। ਇਹ ਸਾਡੀ ਆਪਣੀ ਹੀ ਸੌੜੀ ਸੋਚਣੀ ਦੀ ਦੇਣ ਹੈ।

ਇਥੇ ਹੀ ਬਸ ਨਹੀਂ ਅਸੀਂ ਤਾਂ ਜਾਤਾਂ-ਪਾਤਾਂ ਦੇ ਆਧਾਰ ਉੱਤੇ ਬਰਾਦਰੀਆਂ ਦੇ ਨਾਉਂ ਉੱਤੇ ਗੁਰੂ ਘਰਾਂ ਦੀਆਂ ਵੰਡੀਆਂ ਪਾਉਣ ਤੋਂ ਵੀ ਸੰਕੋਚ ਨਹੀਂ ਕੀਤਾ। ਸਤਿਗੁਰਾਂ ਨੇ ਸਾਡੇ ਵਿਚੋਂ ਅਨੇਕਤਾ ਕਢ ਕੇ ਏਕਤਾ ਬਣਾਈ ਸੀ। ਅੱਜ ਅਸੀਂ ਉਸ ਏਕਤਾ ਲਈ ਵੀ ਖਤਰਾ ਬਣ ਗਏ ਹਾਂ, ਜੋ ਬਹੁਤ ਹੀ ਸ਼ਰਮ ਵਾਲੀ ਗੱਲ ਹੈ। ਵੱਡਾ ਜੇਰਾ ਕਰਕੇ ਵੀਚਾਰੋ ਅਤੇ **"ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ"** ਦੇ ਧਾਰਣੀ ਬਣੋ।

## 11. ਅਖੰਡ ਪਾਠ ਵੀ ਦਿਖਾਵਾ :

ਗੁਰੂ ਕੀ ਬਾਣੀ ਨੂੰ ਪੜ੍ਹਨਾ ਸੁਣਨਾ ਮਨੁੱਖ ਦੇ ਭਲੇ ਲਈ ਅਤਿ ਲਾਜ਼ਮੀ ਹੈ। ਸਾਡੇ ਵਡੇ ਵਡੇਰੇ ਘੰਟਿਆਂ ਬੱਧੀ ਅਖੰਡ ਪਾਠ ਜਾਂ ਸਹਿਜ ਪਾਠ ਦੇ ਰੂਪ ਵਿੱਚ ਗੁਰਬਾਣੀ ਪੜ੍ਹਦੇ ਜਾਂ ਸੁਣਦੇ ਸਨ। ਪਰ ਅੱਜ ਕੱਲ ਅਖੰਡ ਪਾਠ ਵੀ ਮਦਾਰੀ ਦੇ ਡੌਰੂ ਬਜਾ ਕੇ ਲੋਕ ਇੱਕਠੇ ਕਰਨ ਵਾਂਗ, ਰਿਸ਼ਤੇਦਾਰਾਂ ਤੇ ਮਿੱਤਰਾਂ ਦੋਸਤਾਂ ਨੂੰ ਇੱਕਤ੍ਰ ਕਰਨ ਦਾ ਅਸੀਂ ਸਾਧਨ ਬਣਾ ਲਿਆ ਹੈ। ਭੋਗ ਸਮੇਂ ਗ੍ਰੰਥੀ ਸਿੰਘ ਨੌਵੇਂ ਪਾਤਸ਼ਾਹ ਜੀ ਦੇ ਉਚਾਰਨ ਕੀਤੇ ਸਲੋਕ ਪੜ੍ਹ ਰਹੇ ਹੁੰਦੇ ਹਨ, ਪਰ ਘਰ ਵਾਲੇ ਮੀਆਂ ਬੀਬੀ ਪ੍ਰਵਾਰ, ਆਏ ਹੋਏ ਮਹਿਮਾਨਾਂ ਦੀ ਅਰਦਲ ਵਿੱਚ ਬੂਹੇ ਅਗੇ ਹੱਥ ਜੋੜ ਕੇ ਖਲੋਤੇ ਹੁੰਦੇ ਹਨ। ਭੋਗ ਪਿਆ, ਸਤਿਗੁਰੂ ਜੀ ਘਰ ਵਿਚੋਂ ਵਿਦਾ ਹੋਏ, ਥੋੜ੍ਹੇ ਸਮੇਂ ਪਿੱਛੋਂ ਹੀ, ਉਸ ਘਰ ਵਿੱਚ ਉਹ ਕੁਝ ਹੋਣ ਲੱਗ ਜਾਂਦਾ ਹੈ, ਜਿਸ ਨੂੰ ਤਿੰਨ ਦਿਨ ਗੁਰਬਾਣੀ ਪੁਕਾਰ-ਪੁਕਾਰ ਕੇ ਨਾ ਕਰਨ ਦਾ ਉਪਦੇਸ਼ ਦਿੰਦੀ ਰਹੀ ਹੈ—

**ਕਬੀਰ ਭਾਂਗ ਮਾਛੁਲੀ ਸੁਰਾ ਪਾਨਿ**
**ਜੋ ਜੋ ਪ੍ਰਾਨੀ ਖਾਂਹਿ ॥**
**ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥**

*(ਪੰਨਾ ੧੩੭੭)*

ਜਿਸ ਨੂੰ ਤਿਆਗਣ ਲਈ ਗੁਰੂ ਅਮਰਦਾਸ ਜੀ ਬਾਰ-ਬਾਰ ਤਾਕੀਦ ਕਰਦੇ ਰਹੇ ਕਿ —

**ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥**
**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥**
**ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥**
**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥**

ਸਲੋਕ ਮ: ੩, (ਪੰਨਾ ੫੫੪)

ਉਹ ਸਾਰੀਆਂ ਕੁਰੀਤੀਆਂ ਕਰਦੇ ਹਾਂ, ਜੋ ਗੁਰੂ-ਚਾਲੀ ਤੋਂ ਬਿਲਕੁਲ ਉਲਟ ਹੁੰਦੀਆਂ ਹਨ। ਗੁਰੂ ਨਾਨਕ ਦੇਵ ਜੀ ਦੇ ਫੁਰਮਾਨ — **"ਸਲਾਮੁ ਜਬਾਬੁ ਦੋਵੈਂ ਕਰੇ ਮੁੰਢਹੁ ਘੁਥਾ ਜਾਇ"** ਵਾਲੀ ਸਾਡੀ ਦਸ਼ਾ ਬਣ ਗਈ ਹੈ, ਅੱਜ ਵੀਚਾਰਨ ਦੀ ਲੋੜ ਹੈ ਕਿ ਗੁਰੂ ਮਹਾਰਾਜ ਜੀ ਨੂੰ ਘਰ ਲਿਆਂਦਾ ਸੀ ਦੀਨ ਦੀ ਰਖਵਾਲੀ ਲਈ ਪਰ ਹੋ ਉਲਟਾ ਗਿਆ, ਦੁਨੀਆਂ ਦੀ ਖੁਸ਼ੀ ਲਈ ਦੀਨ ਹੀ ਗਵਾ ਲਿਆ। ਲੋਕਾਂ ਨੂੰ ਖੁਸ਼ ਕਰਦੇ-ਕਰਦੇ ਆਪਣੇ ਪੈਰਾਂ ਉਤੇ ਆਪ ਹੀ ਕੁਹਾੜਾ ਮਾਰ ਲਿਆ। ਸ਼ਾਇਦ ਸਾਡੀ ਇਹੋ ਜਿਹੀ ਅਧੋਗਤੀ ਵੇਖ ਕੇ ਹੀ ਬਾਬਾ ਕਬੀਰ ਜੀ ਨੂੰ ਇਹ ਪੰਗਤੀਆਂ ਲਿਖਣੀਆਂ ਪਈਆਂ —

**ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ ॥**
**ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥**

*(ਪੰਨਾ ੧੩੬੫)*

ਆਪਣੇ ਹੱਥੀਂ ਆਪਣੇ ਪੈਰਾਂ ਉਤੇ ਕੋਈ ਕੁਹਾੜਾ ਨਹੀਂ ਮਾਰਦਾ, ਪਰ ਅਸੀਂ ਮਾਇਆ ਅਤੇ ਲੋਕ ਲੱਜਾ ਦੇ ਪ੍ਰਭਾਵ ਅਧੀਨ ਆਪਣੇ ਪੈਰਾਂ ਉਤੇ ਆਪ ਹੀ ਕੁਹਾੜਾ ਮਾਰ ਰਹੇ ਹਾਂ। ਧਰਮ ਕਮਾਉਂਦੇ ਕਮਾਉਂਦੇ ਅਧਰਮੀ ਬਣਦੇ ਜਾ ਰਹੇ ਹਾਂ, ਜਰਾ ਸੋਚਣ ਦੀ ਲੋੜ ਹੈ। ਸਤਿਗੁਰ ਅਮਰਦਾਸ ਜੀ ਦਾ ਫੁਰਮਾਨ ਹੈ।

**ਸੋ ਸਿਖ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥**
**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥**

*ਸਲੋਕ ਮ:੩ (ਪੰਨਾ ੬੦੧)*

ਅਜ ਲੋੜ ਹੈ ਗੁਰੂ ਦੇ ਭਾਣੇ ਵਿੱਚ ਚਲ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ। ਗੁਰੂ ਦੇ ਹੁਕਮ ਅਨੁਸਾਰ ਨਾ ਚਲਾਂਗੇ ਤਦ ਗੁਰੂ ਤੋਂ ਦੂਰੀ ਪੈ ਜਾਵੇਗੀ ਅਤੇ ਦੁਖਾਂ ਦੇ ਲਫੇੜੇ ਝਲਣੇ ਪੈਣਗੇ। ਖਾਲਸਾ ਜੀ ! ਸਾਵਧਾਨ ਹੋਵੋ ਅਤੇ ਗੁਰੂ ਚਾਲੀ ਦੇ ਧਾਰਨੀ ਬਣੋ।

## 12. ਵਢੀ ਖੋਰੀ :

ਸਾਡੇ ਸਮਾਜ ਵਿੱਚ ਇਕ ਹੋਰ ਬਹੁਤ ਵੱਡੀ ਕੁਰੀਤੀ ਨੇ ਆ ਪ੍ਰਵੇਸ਼ ਕੀਤਾ ਹੈ, ਉਹ ਹੈ ਵੱਢੀ ਖੋਰੀ। ਜਿਸ ਵੀ ਅਸਾਮੀ (Post) ਉਤੇ ਕੋਈ ਬੈਠ ਕੇ ਕੰਮ ਕਰਦਾ ਹੈ ਜਿਥੇ ਉਸ ਦੀ ਹੱਡ-ਹਰਾਮੀ ਕਰਨੀ ਆਦਤ ਬਣ ਗਈ ਹੈ, ਉਥੇ ਉਹ ਵਢੀ ਲੈਣੀ,



ਰਿਸ਼ਵਤ ਖੋਰੀ ਕਰਨੀ ਆਪਣਾ ਜਮਾਂਦਰੂ ਹੱਕ ਸਮਝਦਾ ਹੈ। ਰਿਸ਼ਵਤ ਪ੍ਰਾਪਤ ਕਰਨ ਲਈ ਉਹ ਦੂਸਰੇ ਨੂੰ ਤੰਗ ਕਰਦਾ ਹੈ। ਕੰਮ ਕਰਨ ਦੇ ਢੰਗ ਨੂੰ ਪੇਚੀਦਾ ਬਣਾ ਕੇ ਪੇਸ਼ ਕਰਦਾ ਹੈ। ਨੋਟ ਜੇਬ ਵਿੱਚ ਪਾ ਦਿਉ, ਕੰਮ ਵੀ ਉਸੇ ਵੇਲੇ ਹੋ ਜਾਵੇਗਾ, ਤੁਹਾਨੂੰ ਕੁਰਸੀ ਉਤੇ ਬਿਠਾ ਕੇ ਚਾਹ ਵੀ ਪਿਲਾਈ ਜਾਵੇਗੀ। ਗੁਰੂ ਪਾਤਸ਼ਾਹ ਜੀ ਨੇ ਤਾਂ ਫੁਰਮਾਇਆ ਸੀ —

**ਹਕੁ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥** *(ਪੰਨਾ ੧੪੧)*

ਪਰ ਅੱਜ ਪਰਾਏ ਹੱਕ ਉਤੇ ਮਨੁੱਖ ਆਪਣਾ ਜਨਮ ਸਿੱਧ ਅਧਿਕਾਰ ਸਮਝਦਾ ਹੈ। ਗੁਰੂ ਹੁਕਮ ਤਾਂ ਸੀ ਕਿ **"ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥"** ਪਰ ਅੱਜ ਆਪਾਂ ਆਪਣੇ ਹੱਥੋਂ ਦੇਣ ਦੀ ਥਾਂ ਦੂਸਰੇ ਦੇ ਹੱਥੋਂ ਖੋਹਣ ਲਈ ਯਤਨਸ਼ੀਲ ਹਾਂ। ਲੋੜ ਹੈ ਐਸੇ ਆਚਰਣ ਹੀਣ ਵਰਤਾਰੇ ਤੋਂ ਨਿਯਾਤ ਪਾਉਣ ਲਈ ਗੁਰੂ ਕੀ ਬਾਣੀ ਤੋਂ ਅਗਵਾਈ ਲੈ ਕੇ, ਆਪਣੇ ਹਕ ਉੱਤੇ ਸੰਤੁਸ਼ਟ ਰਹਿਣ ਲਈ ਯਤਨਸ਼ੀਲ ਹੋਈਏ। ਸਾਰੀ ਮਨੁੱਖਤਾ ਵਿੱਚ ਪ੍ਰਭੂ ਦੀ ਹੋਂਦ ਨੂੰ ਜਾਣ ਕੇ ਹਰੇਕ ਦੇ ਨਾਲ ਪਿਆਰ ਪ੍ਰੇਮ ਦਾ ਵਰਤਾਰਾ ਕਰੀਏ। ਦੂਸਰੇ ਦੇ ਦੁੱਖ ਨੂੰ ਆਪਣਾ ਦੁੱਖ ਸਮਝੀਏ। ਫਿਰ ਇਹ ਸੰਸਾਰ ਹੀ ਸਵਰਗ ਦਾ ਰੂਪ ਬਣ ਜਾਵੇਗਾ। ਵੀਚਾਰੋ ਅਤੇ ਅਮਲ ਕਰਨ ਦਾ ਜਤਨ ਕਰੋ।

## 13. ਸਿਖ ਵਿਦਿਅਕ ਸੰਸਥਾਵਾਂ ਵਿੱਚ ਧਾਰਮਿਕ ਵਿਦਿਆ ਦੀ ਘਾਟ :

ਸਿਖ ਵਿਦਿਅਕ ਸੰਸਥਾਵਾਂ, ਸਕੂਲ ਕਾਲਜ, ਸਾਡੇ ਬਜ਼ੁਰਗਾਂ ਨੇ ਆਪਣੇ ਸਿਖੀ ਵਿਰਸੇ ਨੂੰ ਸੰਭਾਲਣ ਵਾਸਤੇ ਬੜੀ ਮਿਹਨਤ ਨਾਲ ਹੋਂਦ ਵਿੱਚ ਲਿਆਂਦੇ ਸਨ ਕਿ ਦੁਨਿਆਵੀਂ ਪੜ੍ਹਾਈ ਦੇ ਨਾਲ ਨਾਲ ਗੁਰਬਾਣੀ, ਇਤਿਹਾਸ ਦੇ ਮਜਮੂਨ (ਵਿਸ਼ੇ) ਵੀ ਲਾਜ਼ਮੀ ਕੀਤੇ ਸਨ। ਅਜ ਪਤਾ ਨਹੀਂ ਕਿਸ ਮਜਬੂਰੀ ਜਾਂ ਬੇਵਸੀ ਅਧੀਨ ਸਕੂਲਾਂ ਕਾਲਜਾਂ ਵਿਚੋਂ ਗੁਰਬਾਣੀ, ਇਤਿਹਾਸ ਦੇ ਮਜਬੂਨ ਬੰਦ ਕਰ ਦਿੱਤੇ ਗਏ ਹਨ। ਪੜਚੋਲ ਕਰਨ ਦੀ ਲੋੜ ਹੈ। ਜੇ ਕੋਈ ਮਜਬੂਰੀ ਹੋਵੇ ਤਾਂ ਉਸ ਨੂੰ ਦੂਰ ਕਰਕੇ ਮੁੜ ਦੁਬਾਰਾ ਧਾਰਮਿਕ ਸਿਖਿਆ ਦੇਣੀ ਆਰੰਭ ਕਰ ਦੇਣੀ ਚਾਹੀਦੀ ਹੈ। ਜਿਥੇ ਦੁਨਿਆਵੀ ਵਿਦਿਆ ਦੀ ਪੜ੍ਹਾਈ ਨਾਲ, ਸੰਸਾਰ ਦਾ, ਪਰਕ੍ਰਿਤੀ ਦਾ, ਮਾਦੇ ਦਾ ਗਿਆਨ ਪ੍ਰਾਪਤ ਹੁੰਦਾ ਹੈ ਉਥੇ ਧਾਰਮਿਕ ਵਿਦਿਆ ਦੁਆਰਾ ਸੱਚਾ ਸੁੱਚਾ ਜੀਵਨ ਜਿਊਣ ਦੀ, ਸਚਿਆਰ ਬਣਨ ਦੀ ਜੁਗਤੀ ਮਿਲਦੀ ਹੈ। ਗੁਰੂ ਦਰਸਾਈ ਜੀਵਨ ਜੁਗਤ ਅਨੁਸਾਰ ਜੀਵਨ ਬਤੀਤ ਕਰਨ ਨਾਲ ਜਿਥੇ ਮਨੁੱਖ ਦੇ ਮਨ ਅਤੇ ਤਨ ਨੂੰ ਸੁਖ-ਸ਼ਾਂਤੀ ਪ੍ਰਾਪਤ ਹੁੰਦੀ ਹੈ, ਉਥੇ ਸੰਸਾਰ ਵਿੱਚ ਹਲੇਮੀ ਰਾਜ ਮਜਬੂਤ ਹੁੰਦਾ ਹੈ। ਅਜ ਲੋੜ ਹੈ ਦੁਨਿਆਵੀਂ ਵਿਦਿਆ ਦੇ ਨਾਲ ਨਾਲ ਧਾਰਮਿਕ ਸਿਖਿਆ ਦੀ, ਜੇ ਦੋਵਾਂ ਨੂੰ ਬਰਾਬਰਤਾ ਦੇਵਾਂਗੇ ਤਦ ਸਾਡਾ ਲੋਕ ਪ੍ਰਲੋਕ ਦਾ ਜੀਵਨ ਸੰਤੁਲਨਤਾ ਵਿੱਚ ਬਤੀਤ ਹੋਵੇਗਾ। ਜੇ ਧਾਰਮਿਕ

ਵਿਦਿਆ ਤੋਂ ਵਾਂਝੇ ਰਹਿ ਗਏ ਜੀਵਨ ਦਾ ਸੰਤੁਲਨ ਵਿਗੜ ਜਾਵੇਗਾ। ਸੰਸਥਾਵਾਂ ਦੇ ਪ੍ਰਬੰਧਕਾਂ ਨੂੰ ਜਰੂਰ ਹੀ ਇਸ ਪੱਖ ਉੱਤੇ ਧਿਆਨ ਦੇਣ ਦੀ ਲੋੜ ਹੈ।

## 14. ਸਭਿਆਚਾਰ ਪ੍ਰੋਗਰਾਮ ਦੇ ਨਾਂ ਹੇਠ ਅਸਭਿਅਕ ਪ੍ਰੋਗਰਾਮ :

ਸਕੂਲਾਂ, ਕਾਲਜਾਂ ਅਤੇ ਆਮ ਸਥਾਂ ਵਿੱਚ ਪੰਜਾਬੀ ਸਭਿਆਚਾਰਕ ਪ੍ਰੋਗਰਾਮ ਦੇ ਨਾਂ ਹੇਠ ਜੋ ਲਚਰ ਗਾਇਕੀ ਅਤੇ ਨੰਗੇਜ਼ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ, ਉਹ ਸਾਡੇ ਸਾਰਿਆਂ ਦੇ ਸਾਹਮਣੇ ਹੈ। ਇਹੋ ਜਿਹੇ ਪ੍ਰੋਗਰਾਮ ਕਰਵਾ ਕੇ ਜਿੱਥੇ ਲੋਕਾਂ ਦੇ ਹਜ਼ਾਰਾਂ, ਲੱਖਾਂ ਰੁਪਏ, ਬਰਬਾਦ ਕੀਤੇ ਜਾਂਦੇ ਹਨ, ਉਥੇ ਇਹ ਪ੍ਰੋਗਰਾਮ ਨੌਜਵਾਨਾਂ ਨੂੰ ਆਪਣੇ ਅਸਲ ਵਿਰਸੇ ਅਤੇ ਆਪਣੇ ਅਸਲ ਸਭਿਆਚਾਰ ਨਾਲੋਂ ਤੋੜ ਕੇ ਪਛਮੀਂ ਸਭਿਆਚਾਰ ਨਾਲ ਜੋੜਨ ਦਾ ਵਸੀਲਾ ਬਣ ਰਹੇ ਹਨ। ਲੋੜ ਹੈ ਐਸੇ ਸਭਿਆਚਾਰਕ ਪ੍ਰੋਗਰਾਮਾਂ ਵਿੱਚ ਯੋਗ ਤਬਦੀਲੀ ਕਰਨ ਦੀ। ਨਾ ਧਿਆਨ ਦੇਵਾਂਗੇ ਫਿਰ ਨਾ ਅਸੀਂ ਪੂਰਬ ਜੋਗੇ ਰਹਾਂਗੇ ਅਤੇ ਨਾ ਹੀ ਪੱਛਮ ਜੋਗੇ, ਦੋਵਾਂ ਵਿਰਸਿਆਂ ਨਾਲੋਂ ਟੁੱਟ ਕੇ ਅਸੀਂ ਦੋਗਲੇ ਜਿਹੇ ਬਣ ਜਾਵਾਂਗੇ ਫਿਰ ਨਾ ਸਾਨੂੰ ਪੂਰਬ ਨੇ ਝਲਣਾ ਹੈ ਨਾ ਪੱਛਮ ਨੇ। ਸਾਡੀ ਜੀਵਨ ਸਥਿਤੀ ਚਿਰੜਘੁਗ[੧] ਵਰਗੀ ਬੜੀ ਅਜੀਬੋ ਗਰੀਬ ਜਿਹੀ ਬਣ ਜਾਵੇਗੀ। ਐਸੀ ਦਸ਼ਾ ਬਣ ਜਾਣ ਤੋਂ ਪਹਿਲਾਂ-ਪਹਿਲਾਂ ਸਾਨੂੰ ਸੰਭਲ ਜਾਣਾ ਚਾਹੀਦਾ ਹੈ।

## 15. ਪ੍ਰਦੂਸ਼ਣ :

ਹਵਾ ਅਤੇ ਪਾਣੀ ਦੋਵੇਂ ਮਨੁੱਖ ਦੇ ਜੀਵਨ ਦਾਤੇ ਹਨ। ਇਨ੍ਹਾਂ ਤੋਂ ਬਿਨਾਂ ਮਨੁੱਖ ਜਿਉਂਦਾ ਨਹੀਂ ਰਹਿ ਸਕਦਾ ਪਰ ਅਸੀਂ ਬੇ-ਨਿਯਮੀ ਅਧੀਨ ਵਾਹੋਦਾਹੀ ਦਰਖਤਾਂ ਨੂੰ ਕੱਟ ਕੇ ਵਾਤਾਵਰਣ ਨੂੰ ਪ੍ਰਦੂਸ਼ਤ ਕਰ ਲਿਆ ਹੈ। ਫੈਕਟਰੀਆਂ ਦੇ ਕੈਮੀਕਲ ਵਾਲੇ ਪਾਣੀ ਅਤੇ ਗੰਦੇ ਨਾਲਿਆਂ ਦੇ ਪਾਣੀ ਦੁਆਰਾ, ਧਰਤੀ ਹੇਠਲੇ ਪੀਣ ਵਾਲੇ ਪਾਣੀ ਨੂੰ ਵੀ ਗੰਧਲਾ ਕਰ ਲਿਆ ਹੈ। ਜਿਥੇ ਅਸੀਂ ਆਪੋ-ਧਾਪੀ ਅਤੇ ਬੇਨਿਯਮੀ ਅਧੀਨ ਹਵਾ, ਪਾਣੀ ਪ੍ਰਦੂਸ਼ਤ ਕਰ ਲਏ ਹਨ ਉਤੇ ਹੁਣ ਬਾਜ਼ਾਰਾਂ, ਗਲੀਆਂ ਵਿੱਚ ਉਚੀ ਉਚੀ ਡੈਕ ਲਾ ਕੇ, ਬੱਸਾਂ ਵਿੱਚ ਅਸ਼ਲੀਲ ਗਾਣਿਆਂ ਦੀਆਂ ਟੇਪਾਂ ਲਾ ਕੇ, ਸਾਰੇ ਵਾਤਾਵਰਣ ਨੂੰ ਆਵਾਜ਼ ਪ੍ਰਦੂਸ਼ਣ ਨਾਲ ਐਨਾਂ ਗੰਧਲਾ ਕਰ ਲਿਆ ਹੈ, ਜਿਸ ਕਾਰਨ ਮਨੁੱਖ ਦੇ ਕੰਨਾਂ ਦੀ **ਸੰਵੇਦਨਸ਼ੀਲਤਾ (Sensetivity)** ਖਤਮ ਹੋ ਜਾਣ ਦਾ ਖਦਸ਼ਾ ਬਣ ਗਿਆ ਹੈ। (Noise Pollution) ਆਵਾਜ਼ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ। ਆਵਾਜ਼ ਪ੍ਰਦੂਸ਼ਣ ਦੇ ਨੁਕਸਾਨਾਂ ਪ੍ਰਤੀ ਲੋਕਾਂ ਨੂੰ ਜਾਗਰਤ ਕਰਨਾ ਚਾਹੀਦਾ ਹੈ। **(Noise Pollution)** ਬਚਿਆਂ ਦੇ ਪੜ੍ਹਾਈ ਕਰਨ ਵਿੱਚ ਵੀ ਬਹੁਤ ਵੱਡੀ ਰੁਕਾਵਟ ਬਣ ਰਿਹਾ ਹੈ। ਧਾਰਮਿਕ ਅਸਥਾਨਾਂ ਦੇ ਪ੍ਰਬੰਧਕਾਂ ਨੂੰ ਵੀ ਆਵਾਜ਼ ਪ੍ਰਦੂਸ਼ਣ ਪ੍ਰਤੀ ਆਪਣਾ ਫਰਜ ਪਛਾਣ ਕੇ ਸੀਮਤ ਸੀਮਾਂ

---

੧. ਨਾ ਚਿੜੀ ਨਾ ਕਾਂ



ਅੰਦਰ ਹੀ, ਲਾਊਡ ਸਪੀਕਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਧਿਆਨ ਦੇਣ ਲਈ ਅਤੀ ਨਿਮਰਤਾ ਸਾਹਿਤ ਬੇਨਤੀ ਹੈ ਜੀ।

## 16. ਆਪਣੀ ਮਾਤ ਬੋਲੀ ਦਾ ਤਿਆਗ :

ਅੱਜ ਸਾਡੇ ਅੰਦਰ ਮਾਨਸਿਕ ਤੌਰ ਤੇ ਬਹੁਤ ਵੱਡਾ ਨਿਘਾਰ ਆ ਚੁੱਕਾ ਹੈ। ਅਸੀਂ ਆਪਣੀ ਮਾਤ ਬੋਲੀ ਨੂੰ ਵੀ ਨਫਰਤ ਕਰਨ ਲਗ ਪਏ ਹਾਂ, ਬਾਹਰ ਤਾਂ ਕੀ, ਆਪਣੇ ਘਰਾਂ ਵਿੱਚ ਹੀ ਆਪਣੇ ਬਚਿਆਂ ਨਾਲ ਪੰਜਾਬੀ ਵਿੱਚ ਗੱਲ-ਬਾਤ ਕਰਨ ਤੋਂ ਸੰਕੋਚ ਕਰ ਰਹੇ ਹਾਂ। ਅੰਗਰੇਜੀ, ਹਿੰਦੀ ਵਿੱਚ ਗੱਲ-ਬਾਤ ਕਰਕੇ ਫਖਰ ਮਹਿਸੂਸ ਕਰਦੇ ਹਾਂ। ਜੋ ਬਹੁਤ ਹੀ ਖਤਰਨਾਕ ਰੁਝਾਨ ਹੈ। ਯਾਦ ਰਖੋ ਜਿਹੜਾ ਮਨੁੱਖ ਆਪਣੀ ਮਾਤ ਬੋਲੀ ਨੂੰ ਤਿਆਗ ਦਿੰਦਾ ਹੈ, ਉਹ ਆਪਣੇ ਵਿਰਸੇ ਨਾਲੋਂ, ਆਪਣੇ ਸਭਿਆਚਾਰ ਨਾਲੋਂ ਟੁੱਟ ਜਾਂਦਾ ਹੈ। ਆਪਣੇ ਵਿਰਸੇ ਅਤੇ ਸਭਿਆਚਾਰਕ ਨਾਲੋਂ ਟੁਟਿਆ ਹੋਇਆ ਮਨੁੱਖ ਨ ਘਰ ਦਾ ਅਤੇ ਨਾ ਹੀ ਘਾਟ ਦਾ ਰਹਿੰਦਾ ਹੈ। ਸਾਡੀ ਅਜਿਹੀ ਮਾਨਸਕਤਾ ਨੂੰ ਵੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਸੰਤ ਰਾਗ ਵਿੱਚ ਪੰਗਤੀਆਂ ਉਚਾਰਣ ਕੀਤੀਆਂ ਹਨ —

**[੧]ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥੬॥**

*ਬਸੰਤ ਮ:੧ (੧੧੯੧)*

ਅੱਜ ਆਪਾਂ ਨੂੰ ਆਪਣੀ ਮਾਤ ਬੋਲੀ ਨੂੰ ਖੁਦ ਮਾਨ ਸਤਿਕਾਰ ਦੇਣ ਦੀ ਅਤੇ ਆਪਣੇ ਬਚਿਆਂ ਨੂੰ ਆਪਣੀ ਮਾਤ ਬੋਲੀ ਨਾਲ ਜੋੜਨ ਦੀ ਲੋੜ ਹੈ। ਤਾਂ ਜੋ ਅਸੀ ਆਪਣੀ ਮਾਤ ਬੋਲੀ ਨਾਲ ਜੁੜ ਕੇ ਆਪਣੇ ਵਿਰਸੇ ਅਤੇ ਸਭਿਆਚਾਰ ਨਾਲ ਜੁੜੇ ਰਹੀਏ।

## ਸਮਾਜਿਕ ਕੁਰੀਤੀਆਂ ਦੇ ਕਾਰਨ

ਉਹ ਸਾਰਾ ਕੁਝ ਜਿਸ ਨੂੰ ਅਸੀਂ ਸਮਾਜਿਕ ਕੁਰੀਤੀਆਂ ਦਾ ਨਾਉਂ ਦਿੰਦੇ ਹਾਂ। ਇਹ ਕੁਰੀਤੀਆਂ ਕਰਨ ਦੇ ਪੰਜ ਕੁ ਮੋਟੇ ਕਾਰਣ ਹੋ ਸਕਦੇ ਹਨ —

1. ਅਗਿਆਨਤਾ 2. ਅੰਨ੍ਹਾਂ ਪੈਸਾ
3. ਇਕ ਦੂਜੇ ਦੀ ਰੀਸ 4. ਨੱਕ ਰਖਣ ਲਈ
5. ਵਡਿਆਈ ਕਰਾਉਣ ਦੀ ਲਾਲਸਾ

## 1. ਅਗਿਆਨਤਾ :

ਅਗਿਆਨਤਾ ਅਧੀਨ ਮਨੁੱਖ ਜੋ ਵੀ ਕਰਮ ਕਰਦਾ ਹੈ ਭਵਿੱਖ ਵਿੱਚ ਉਸ ਦਾ ਨਤੀਜਾ ਬਹੁਤ ਚੰਗਾ ਨਹੀਂ ਨਿਕਲਦਾ। ਹਰ ਕੰਮ ਨੂੰ ਕਰਨ ਤੋਂ ਪਹਿਲਾਂ ਉਸ ਦੇ ਲਾਭ ਅਤੇ ਨੁਕਸਾਨ ਪ੍ਰਤੀ ਅਵੱਸ਼ ਗਿਆਨ ਪ੍ਰਾਪਤ ਕਰ ਲੈਣਾ ਚਾਹੀਦਾ ਹੈ, ਤਾਂ ਜੋ ਬੇ-ਸਮਝੀ ਅਧੀਨ ਕੋਈ ਵੀ ਕੰਮ ਕਰ ਕੇ ਪਛਤਾਉਣਾ ਨਾ ਪਵੇ। ਸਿਆਣੇ, ਬੁੱਧੀ

---

੧. ਮੁਸਲਮਾਨੀ ਪ੍ਰਭਾਵ ਅਧੀਨ ਘਰ ਘਰ ਵਿੱਚ ਸਾਰੇ ਇਕ ਦੂਜੇ ਨੂੰ ਮੀਆਂ ਜੀ ਮੀਆਂ ਜੀ ਕਹਿ ਕੇ ਬੁਲਾਂਦੇ ਹਨ, ਆਪਣੀ ਮਾਤ ਬੋਲੀ ਦਾ ਤਿਆਗ ਕਰ ਦਿੱਤਾ ਹੈ।

ਜੀਵੀ, ਵਿਦਵਾਨਾਂ ਦਾ ਵੀ ਫਰਜ਼ ਬਣਦਾ ਹੈ ਕਿ ਉਹ ਆਪਣੀ ਦੂਰ ਅੰਦੇਸ਼ੀ ਦੀ ਸੋਚਣੀ ਨੂੰ ਲਿਖਤੀ ਜਾਂ ਬੋਲ ਕੇ ਲੋਕਾਈ ਤੱਕ ਪਹੁੰਚਾਉਣ ਲਈ ਜਤਨਸ਼ੀਲ ਹੋਣ, ਤਾਂ ਜੋ ਅਗਿਆਨਤਾ ਅਧੀਨ ਹੋ ਰਹੀਆਂ ਕੁਰੀਤੀਆਂ ਨੂੰ ਦੂਰ ਕੀਤਾ ਜਾ ਸਕੇ।

## 2. ਅੰਨ੍ਹਾ ਪੈਸਾ :

ਜਿਨ੍ਹਾਂ ਨੂੰ ਪ੍ਰਮਾਤਮਾ ਨੇ ਬਿਅੰਤ ਮਾਇਆ ਬਖਸ਼ਿਸ਼ ਕੀਤੀ ਹੈ, ਜਾਂ ਕਿਸੇ ਨਜਾਇਜ਼ ਤਰੀਕੇ ਨਾਲ ਮਾਇਆ ਦੇ ਭੰਡਾਰ ਭਰ ਲਏ ਹਨ, ਉਨ੍ਹਾਂ ਨੂੰ ਇੱਕਠੀ ਕੀਤੀ ਮਾਇਆ ਦੀ ਯੋਗ ਵਰਤੋਂ ਕਰਨੀ ਚਾਹੀਦੀ ਹੈ। ਇਕਤ੍ਰ ਕੀਤੇ ਪੈਸੇ ਨਾਲ ਜਿੱਥੇ ਆਪਣਾ ਸੁਹਣਾ ਗੁਜ਼ਾਰਾ ਚਲਾਉਣਾ ਹੈ, ਉੱਥੇ ਬਿਅਰਥ ਫਜੂਲ ਵਿਖਾਵੇ ਦੇ ਅਡੰਬਰ ਕਰ ਕੇ ਲੋਕਾਂ ਦੀ ਵਾਹਵਾ ਖੱਟਣ ਦੀ ਥਾਂ ਕਿਸੇ ਲੋੜਵੰਦ ਦੀ ਮਦਦ ਕਰਕੇ ਉਸ ਦੀ ਅਸੀਸ ਪ੍ਰਾਪਤ ਕਰਨ ਲਈ ਉਪਰਾਲਾ ਕਰਨਾ ਚਾਹੀਦਾ ਹੈ। ਜੇ ਪੈਸੇ ਦੀ ਬੇ-ਲੋੜੀ ਅੰਨ੍ਹੀ ਵਰਤੋਂ ਕਰਕੇ, ਲੋਕ ਵਿਖਾਵਾ ਕਰਾਂਗੇ, ਮੂੰਹ ਉਪਰ ਭਾਵੇਂ ਕੋਈ ਉਪਮਾ ਦੇ ਚਾਰ ਸ਼ਬਦ ਮਜਬੂਰੀ ਵਸ ਕਹਿ ਦੇਵੇਗਾ, ਪਰ ਪਿੱਠ ਪਿਛੇ ਜਰੂਰ ਹੀ, ਬੇਈਮਾਨੀ, ਹੇਰਾਫੇਰੀ ਅਤੇ ਦੋ ਨੰਬਰ ਦੇ ਪੈਸੇ ਦੇ ਸਰਟੀਫਿਕੇਟ ਦੇਵੇਗਾ। ਇਸ ਲਈ ਹਰ ਮਨੁੱਖ ਨੂੰ ਸੰਸਾਰ ਅਤੇ ਸਮਾਜ ਦੀ ਮਰਯਾਦਾ ਵਿੱਚ ਰਹਿ ਕੇ ਹੀ ਸਾਰੇ ਕਾਰਜ ਕਰਨੇ ਚਾਹੀਦੇ ਹਨ। ਮਾਇਆ ਦੀ ਗਲਤ ਵਰਤੋਂ ਕਰਕੇ ਪਾਪ ਦੇ ਭਾਗੀ ਬਣਨ ਤੋਂ ਬਚਣਾ ਚਾਹੀਦਾ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਨਸੀਹਤ ਨਾਮੇ ਵਿੱਚ ਬਚਨ ਹੈ —

**ਦਮੜਾ ਤਿਸੀ ਕਾ ਜੋ ਖਰਚੇ ਅਰ ਖਾਇ ॥**
**ਦੇਵੇ ਦਿਲਾਵੈ ਰਜਾਵੇ ਖੁਦਾਇ ॥**

## 3. ਇਕ ਦੂਸਰੇ ਦੀ ਰੀਸ :

ਆਪਣੇ ਤੋਂ ਵੱਡੇ ਦੀ ਰੀਸ ਕਰਨਾ ਇਕ ਬਹੁਤ ਹੀ ਮਾੜਾ ਅਵਗੁਣ ਹੈ। ਕੋਈ ਵੀ ਕਾਰਜ ਕਰਨਾ ਹੋਵੇ, ਉਸ ਨੂੰ ਆਪਣੇ ਵਿੱਤ ਅਨੁਸਾਰ ਹੀ ਕਰਨਾ ਸੋਭਦਾ ਹੈ। ਜਿਹੜਾ ਮਨੁੱਖ ਕਿਸੇ ਦੀ ਰੀਸ ਕਰਨ ਲਈ ਆਪਣੇ ਵਿੱਤ ਤੋਂ ਵੱਧ ਖਰਚ ਕਰਦਾ ਹੈ, ਸਮਾਂ ਪਾ ਕੇ ਉਸ ਨੂੰ ਪਛਤਾਉਣਾ ਪੈਂਦਾ ਹੈ। ਜਿਹੜਾ ਪ੍ਰਭੂ ਦੀ ਓਟ ਲੈ ਕੇ **"ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥"** ਦਾ ਧਾਰਨੀ ਬਣ ਕੇ ਆਪਣੇ ਵਿੱਤ ਅਨੁਸਾਰ ਵਿਚਰਦਾ ਹੈ। ਉਹ ਮਨੁੱਖ ਕਦੇ ਵੀ ਆਪਣਾ ਬਲ, ਆਪਣਾ ਹੌਂਸਲਾ ਨਹੀਂ ਹਾਰਦਾ ਅਤੇ ਨਾ ਹੀ ਉਸ ਨੂੰ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸਤਿਗੁਰ ਅਰਜਨ ਦੇਵ ਜੀ ਦਾ ਧਨਾਸਰੀ ਰਾਗ ਵਿੱਚ ਫੁਰਮਾਨ ਹੈ —

**ਜੇ ਕੋਊ ਅਪਨੀ ਓਟ ਸਮਾਰੈ ॥**
**ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ ॥੧ ॥**

*ਧਨਾਸਰੀ ਮ:੫, ਪੰਨਾ ੬੧੯*

ਜਿਵੇਂ ਸਿਆਣੇ ਕਹਿੰਦੇ ਹਨ, ਕਿ ਚਾਦਰ ਵੇਖਕੇ ਹੀ ਪੈਰ ਪਸਾਰਨੇ ਚਾਹੀਦੇ ਹਨ। ਜੇ ਕੋਈ ਚਾਦਰ ਦੇ ਸਾਈਜ਼ ਤੋਂ ਵਧੇਰੇ ਪੈਰ ਪਸਾਰੇਗਾ, ਉਸ ਦੇ ਪੈਰ ਚਾਦਰ



ਵਿਚੋਂ ਬਾਹਰ ਨਿਕਲ ਜਾਣਗੇ। ਬਾਹਰ ਨਿਕਲੇ ਪੈਰਾਂ ਨੂੰ ਜਾਂ ਤਾਂ ਮੱਖੀ ਮੱਛਰ ਡੰਗੇਗਾ ਜਾਂ, ਸੀਤ ਦਾ ਦੁਖ ਸਹਾਰਨਾ ਪਵੇਗਾ। ਉਨ੍ਹਾਂ ਨੰਗੇ ਪੈਰਾਂ ਨੂੰ ਸਾਰਾ ਜਹਾਨ ਵੀ ਵੇਖੇਗਾ, ਉਸ ਦਾ ਪੜਦਾ ਚੁਕਿਆ ਜਾਵੇਗਾ। ਸੋ ਲੋੜ ਹੈ ਆਪਣੇ ਵਿੱਤ ਅਨੁਸਾਰ ਜੀਵਨ ਚਲਾਉਣ ਦੀ, ਜਰੂਰਤ ਹੈ ਫੋਕੀ ਵਾਹਵਾ ਤੋਂ ਬਚਣ ਦੀ, ਜੇ ਬਚ ਜਾਵਾਂਗੇ, ਸੁੱਖ ਭੋਗਾਂਗੇ। ਨਾ ਬਚਾਂਗੇ ਆਪਣਾ ਵਿੱਤ ਹਾਰ ਕੇ ਪਛਤਾਵਾਂਗੇ।

## 4. ਨੱਕ ਰਖਣ ਲਈ ਅਡੰਬਰ :

ਸੰਸਾਰ ਅੰਦਰ ਮਨੁੱਖ ਨੱਕ ਰਖਣ ਲਈ ਹੀ ਬਹੁਤਾਤ ਵਿੱਚ ਕੰਮ ਕਰਦਾ ਹੈ। ਕਈ ਵਾਰੀ ਸਿਆਣੇ ਬੰਦੇ ਸਮਝਾਉਣ ਦਾ ਵੀ ਯਤਨ ਕਰਦੇ ਹਨ, ਪਰ ਮਾਇਆ ਵੇੜਿਆ ਮਨੁੱਖ ਉਤਰ ਦਿੰਦਾ ਹੈ ਕਿ ਮੈਂ ਸੰਸਾਰ ਵਿੱਚ ਰਹਿਣਾ ਹੈ। ਜੇ ਮੈਂ ਇਹ ਕੰਮ ਨਾ ਕਰਾਂਗਾ ਤਾਂ ਸਮਾਜ ਵਿੱਚ ਮੇਰਾ ਨੱਕ ਨਹੀਂ ਰਹਿਣਾ, ਨੱਕ ਰੱਖਦਾ-ਰੱਖਦਾ ਮਨੁੱਖ ਸਗੋਂ ਆਪਣਾ ਨੱਕ ਹੀ ਵਢਾ ਲੈਂਦਾ ਹੈ। ਨੱਕ ਰੱਖਣ ਲਈ ਮਨੁੱਖ ਕਰਜ਼ਾ ਚੁੱਕ ਲੈਂਦਾ ਹੈ। ਨੱਕ ਰੱਖਣ ਲਈ ਜਮੀਨ ਜਾਇਦਾਦ ਵੇਚ ਦਿੰਦਾ ਹੈ। ਕਈ ਵਾਰੀ ਨੱਕ ਰੱਖਣ ਲਈ ਪਰਾਈ ਅਧੀਨਗੀ ਵੀ ਕਬੂਲ ਲੈਂਦਾ ਹੈ। ਇਹ ਸਾਰੇ ਨੱਕ ਰੱਖਣ ਲਈ ਕੀਤੇ ਹੋਏ ਕਰਮ ਥੋੜ੍ਹੇ ਸਮੇਂ ਬਾਅਦ ਪ੍ਰੇਸ਼ਾਨੀ ਦਾ ਕਾਰਨ ਬਣ ਜਾਂਦੇ ਹਨ। ਕੁਰਕੀਆਂ ਹੋਣ ਤੱਕ ਨੌਬਤ ਆ ਜਾਂਦੀ ਹੈ। ਮਨੁੱਖ ਰੋਟੀ ਕਪੜੇ ਤੋਂ ਵੀ ਆਤੁਰ ਹੋ ਜਾਂਦਾ ਹੈ। ਲੋਕਾਂ ਦੇ ਬੋਲ ਕਬੋਲ ਸਹਾਰਨੇ ਪੈਂਦੇ ਹਨ। ਆਖਰ ਆਤਮ ਹੱਤਿਆ ਵਰਗੇ ਪਾਪ ਕਰਮ ਕਰਨ ਲਈ ਵੀ ਸੋਚਣ ਲੱਗ ਪੈਂਦਾ ਹੈ ਅਤੇ ਕਰ ਬਹਿੰਦਾ ਹੈ। ਨੱਕ ਰੱਖਦਾ ਰੱਖਦਾ ਮਨੁੱਖ ਨੱਕ ਦਾ ਸਾਹ ਹੀ ਬੰਦ ਕਰ ਬਹਿੰਦਾ ਹੈ। ਇਸ ਲਈ ਹਰ ਮਨੁੱਖ ਨੂੰ ਦੂਰ ਅੰਦੇਸ਼ੀ ਤੋਂ ਕੰਮ ਲੈ ਕੇ ਥੋੜ-ਚਿਰੀ ਵਾਹਵਾ, ਅਖੌਤੀ ਨੱਕ ਰੱਖਣ ਦੇ ਕੰਮਾਂ ਦੀ ਰੀਤ ਤੋਂ ਬਚਣਾ ਚਾਹੀਦਾ ਹੈ, ਜੇ ਬਚ ਜਾਵਾਂਗੇ ਤਦ ਆਪਣਾ ਹੀ ਭਲਾ ਹੈ, ਨਾ ਬਚਾਂਗੇ ਨੱਕ ਰਖਦੇ ਰੱਖਦੇ ਆਪਣਾ ਹੀ ਨੱਕ ਵਢਾ ਬੈਠਾਂਗੇ।

## 5. ਵਡਿਆਈ ਕਰਾਣ ਦੀ ਲਾਲਸਾ :

ਮਨੁੱਖ ਦੀ ਇਕ ਬਹੁਤ ਵੱਡੀ ਕਮਜ਼ੋਰੀ ਹੈ, ਉਹ ਹੈ ਆਪਣੀ ਉਸਤਤਿ, ਆਪਣੀ ਵਡਿਆਈ ਸੁਣਨੀ। ਮਨੁੱਖ ਭਾਵੇਂ ਸੰਸਾਰ ਦਾ ਕੰਮ ਕਰਦਾ ਹੈ, ਭਾਵੇਂ ਪਰਉਪਕਾਰ ਦਾ। ਉਸ ਦੇ ਪਿਛੇ ਭਾਵਨਾ ਆਪਣੀ ਵਾਹਵਾ ਕਰਾਉਣ ਅਤੇ ਸ਼ੋਭਾ ਸੁਣਨ ਦੀ ਹੀ ਹੁੰਦੀ ਹੈ। ਜਿਸ ਕੰਮ ਕਰਨ ਵਿੱਚ ਲੋਕ ਵਾਹਵਾ ਨਾ ਮਿਲਦੀ ਹੋਵੇ, ਉਹ ਕੰਮ ਕਰਨ ਨੂੰ ਮਨੁੱਖ ਕਦੇ ਵੀ ਤਿਆਰ ਨਹੀਂ ਹੁੰਦਾ। ਮਨੁੱਖ ਦਾ ਮਨ ਹੰਕਾਰ ਦੀ ਖੁਰਾਕ ਦਾ ਭੁੱਖਾ ਹੈ, ਲੋਕ ਵਡਿਆਈ ਨਾਲ ਮਨ ਨੂੰ ਹੰਕਾਰ ਦਾ ਭੋਜਨ ਮਿਲਦਾ ਹੈ। ਇਸੇ ਵਾਹਵਾ ਦੀ ਖਾਤਰ ਮਨੁੱਖ ਸਮਾਜ ਸੀਮਾ ਦੀ ਵੀ ਉਲੰਘਣਾ ਕਰਦਾ ਹੈ। ਵਿੱਤ ਤੋਂ ਬਾਹਰਾ ਖਰਚਾ ਵੀ ਕਰ ਲੈਂਦਾ ਹੈ। ਵਿੱਤ ਤੋਂ ਬਾਹਰੇ ਅਡੰਬਰ ਰਚ ਕੇ ਪਿੱਛੋਂ ਦੁਖੀ ਹੁੰਦਾ ਹੈ।

ਜੇ ਆਪਾਂ ਸਤਿਗੁਰੂ ਜੀ ਪਾਸੋਂ ਅਗਵਾਈ ਲਈਏ ਤਦ ਸਤਿਗੁਰੂ ਜੀ, **"ਉਸਤਤ ਨਿੰਦਾ ਦੋਊ ਬਿਵਰਜਤ"** ਦਾ ਸਬਕ ਸਿਖਾਉਂਦੇ ਹਨ। ਬਾਬਾ ਕਬੀਰ ਜੀ ਨੇ ਵੀ

ਆਪਣਾ ਨਿਜੀ ਅਨੁਭਵ ਗੁਰਬਾਣੀ ਵਿੱਚ ਦਰਜ ਕੀਤਾ ਹੈ, ਕਿ ਮਨੁੱਖ ਦੇ ਉਪਰ ਮਾਇਆ ਦਾ ਪ੍ਰਭਾਵ ਦੋ ਅੰਗਾਂ ਦੁਆਰਾ ਪੈਂਦਾ ਹੈ। ਉਹ ਅੰਗ ਹਨ, ਨੱਕ ਅਤੇ ਕੰਨ, ਮਨੁੱਖ ਸੰਸਾਰ ਵਿੱਚ ਨੱਕ ਰੱਖਣ ਲਈ ਅਡੰਬਰ ਰਚਾਉਂਦਾ ਹੈ। ਫਿਰ ਉਸ ਰਚਾਏ ਹੋਏ ਅਡੰਬਰ ਦੀ ਕੰਨਾਂ ਦੁਆਰਾ ਸ਼ੋਭਾ ਸੁਣ ਕੇ ਮਨ ਨੂੰ ਹੰਕਾਰ ਦਾ ਅਹਾਰ ਦਿੰਦਾ ਹੈ। ਜਿਹੜਾ ਮਨੁੱਖ ਨੱਕ ਅਤੇ ਕੰਨ ਦੀ ਮਾਇਆ ਨੂੰ ਕੱਟ ਦਿੰਦਾ ਹੈ, ਜਿੱਥੇ ਉਹ ਆਪਣੀ ਆਤਮਾ ਨੂੰ ਹੰਕਾਰ ਦੇ ਵਿਸ਼ੈਲੇ ਭੋਜਨ ਤੋਂ ਬਚਾ ਲੈਂਦਾ ਹੈ, ਉਥੇ ਉਹ ਸੰਸਾਰ ਵਿੱਚ ਵੀ ਸੁਖ ਆਨੰਦ ਦਾ ਜੀਵਨ ਬਤੀਤ ਕਰਦਾ ਹੈ। ਜਿਥੇ ਉਹ **"ਜੈਸਾ ਬਿਤੁ ਤੈਸਾ ਹੋਇ ਵਰਤੈ ਆਪੁਨਾ ਬਲੁ ਨਹੀ ਹਾਰੈ"** ਦਾ ਸੁਖ ਭੋਗਦਾ ਹੈ, ਉਥੇ **"ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ ॥"** ਦਾ ਧਾਰਨੀ ਬਣ ਕੇ, ਬਾਬਾ ਕਬੀਰ ਜੀ ਦੇ ਫੁਰਮਾਨ ਨੂੰ ਆਪਣੇ ਜੀਵਨ ਵਿੱਚ ਧਾਰਨ ਕਰ ਕੇ ਸੁਖੀ ਹੋ ਜਾਂਦਾ ਹੈ। ਬਾਬਾ ਕਬੀਰ ਜੀ ਦਾ ਆਪਣਾ ਅਨੁਭਵ ਜੋ ਉਨ੍ਹਾ ਗੁਰਬਾਣੀ ਵਿੱਚ ਦਰਜ ਕੀਤਾ ਹੈ ਧਿਆਨ ਨਾਲ ਪੜ੍ਹ ਲਈਏ। ਮਾਇਆ ਦੇ ਪਰਭਾਵ ਦੀ ਸੋਝੀ ਪੈ ਜਾਵੇਗੀ।

**[੧]ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥**
**ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ ॥੪ ॥**

*ਆਸਾ ਕਬੀਰ ਜੀ (ਪੰਨਾ ੪੭੬)*

ਜਿਹੜਾ ਮਾਇਆ ਦੇ ਇਨ੍ਹਾਂ ਦੋਵਾਂ ਅੰਗਾਂ ਨੂੰ ਪਿਆਰ ਕਰਨ ਲਗ ਜਾਂਦਾ ਹੈ। ਸਤਿਗੁਰੂ ਜੀ ਦੇ ਫੁਰਮਾਨ ਅਨੁਸਾਰ ਮਾਇਆ ਉਸ ਨੂੰ ਖਾ ਲੈਂਦੀ ਹੈ।

**ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥**
**ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥**

*ਮ:੩, (ਪੰਨਾ ੫੧੦)*

ਸੁਖੀ ਜੀਵਨ ਬਤੀਤ ਕਰਨ ਲਈ, ਨੱਕ ਕੰਨ ਦੀ ਖਾਤਰ ਸਮਾਜਕ ਕੁਰੀਤੀਆਂ ਦੇ ਬੋਝ ਤੋਂ ਛੁਟਕਾਰਾ ਪਾਉਣ ਲਈ ਅਸੀਂ ਆਪ ਖੁਦ ਗੁਰੂ ਆਸ਼ੇ ਦੇ ਧਾਰਨੀ ਬਣੀਏ ਅਤੇ ਦੂਸਰਿਆਂ ਨੂੰ **"ਗੁਰਸਿਖ ਮੀਤ ਚਲਹੁ ਗੁਰ ਚਾਲੀ"** ਦੇ ਧਾਰਨੀ ਬਣਨ ਲਈ ਪ੍ਰੇਰਨਾ ਦੇਈਏ। ਜਿਹੜਾ ਮਨੁੱਖ ਨੱਕ ਰੱਖਣ ਲਈ ਅਡੰਬਰ ਕਰਨ ਅਤੇ ਕੀਤੇ ਅਡੰਬਰਾਂ ਦੀ ਸੋਭਾ ਸੁਣਨ ਦੇ ਪ੍ਰਭਾਵ ਤੋਂ ਬਚ ਜਾਂਦਾ ਹੈ, ਉਸ ਨੂੰ ਨਾ ਤਾਂ ਕਰਜਾਈ ਹੋਣਾ ਪੈਂਦਾ ਹੈ, ਨਾ ਜਮੀਨਾਂ ਹੀ ਗਹਿਣੇ ਕਰਨੀਆਂ ਪੈਂਦੀਆਂ ਹਨ ਅਤੇ ਨਾ ਹੀ ਆਤਮਹੱਤਿਆ ਵਰਗੇ ਭੈੜੇ ਕਰਮ ਕਰਨ ਲਈ ਸੋਚਣਾ ਪੈਂਦਾ ਹੈ। ਉਸ ਸ੍ਵੈ ਆਤਮ ਨਿਰਭਰ ਹੋ ਕੇ ਇਸ ਸੰਸਾਰ ਵਿੱਚ ਨਿਸ਼ਚਿੰਤ ਜੀਵਨ ਬਤੀਤ ਕਰਦਾ ਹੈ।

---

੧. ਨਾ ਮੈਂ ਨੱਕ ਰੱਖਣ ਲਈ ਲੋਕ ਲੱਜਾ ਦੀ ਖਾਤਰ ਕੋਈ ਉਚੇਚਾ ਕੰਮ ਕਰਦਾ ਹਾਂ ਅਤੇ ਨਾ ਹੀ ਮੈਨੂੰ ਆਪਣੀ ਵਡਿਆਈ ਸੁਣਨ ਦੀ ਚਾਹਨਾ ਹੈ। ਮਾਇਆ ਦੇ ਦੋਨੋਂ ਅੰਗ ਜਿਨ੍ਹਾਂ ਰਾਹੀਂ ਇਹ ਪ੍ਰਭਾਵ ਪਾਉਂਦੀ ਸੀ, ਮੈਂ ਕੱਟ ਦਿਤੇ ਹਨ। ਤਿੰਨੇ ਲੋਕ ਮਾਇਆ ਨੂੰ ਪਿਆਰ ਕਰਦੇ ਹਨ ਪਰ ਸੰਤ ਜਨਾਂ ਨੂੰ ਮਾਇਆ ਵੈਰਨ ਪ੍ਰਤੀਤ ਹੁੰਦੀ ਹੈ ਕਿਉਂਕਿ ਉਨ੍ਹਾਂ ਦੇ ਆਤਮਿਕ ਪੈਂਡੇ ਵਿੱਚ ਇਹ ਬਿਘਨਕਾਰੀ ਹੈ।



# ਵਿਸ਼ੇਸ਼ ਬੇਨਤੀ

ਅਜੋਕੇ ਸਮੇਂ ਵਿੱਚ ਅਸਾਨੂੰ ਪ੍ਰਚਾਰ ਦੇ ਢੰਗ ਤਰੀਕਿਆਂ ਨੂੰ ਵੀ ਬਦਲਣ ਦੀ ਲੋੜ ਹੈ। ਸਮਾਜਕ ਅਤੇ ਧਾਰਮਿਕ ਤਬਦੀਲੀ, ਨਾ ਤਾਂ ਵਡੇ-ਵਡੇ ਇੱਕਠ ਕਰਕੇ ਅਤੇ ਨਾ ਹੀ ਵਡੇ-ਵਡੇ ਨਗਰ ਕੀਰਤਨ ਕਢਕੇ ਲਿਆਂਦੀ ਜਾ ਸਕਦੀ ਹੈ ਕਿਉਂਕਿ ਵਡੀਆਂ ਸਟੇਜਾਂ ਉਪਰ ਉਹ ਮਨੁੱਖ ਹੀ ਲੋਕਾਂ ਨੂੰ ਸਮਾਜਕ ਅਤੇ ਧਾਰਮਿਕ ਕੁਰੀਤੀਆਂ ਦਾ ਤਿਆਗ ਕਰਨ ਲਈ ਪ੍ਰੇਰਨਾ ਦਿੰਦੇ ਹਨ, ਜਿਹੜੇ ਆਪ ਖੁਦ ਧਾਰਮਿਕ ਅਤੇ ਸਮਾਜਕ ਕੁਰੀਤੀਆਂ ਰੱਜ ਕੇ ਕਰਦੇ ਹਨ ਜਿਸ ਕਾਰਣ ਉਨ੍ਹਾਂ ਦੇ ਕਹਿਣ ਦਾ ਲੋਕਾਈ ਉਤੇ ਕੋਈ ਪ੍ਰਭਾਵ ਨਹੀਂ ਪੈਂਦਾ। ਅਜ ਲੋੜ ਉਨ੍ਹਾਂ ਭਲੇ ਪੁਰਸ਼ਾਂ ਦੇ ਪ੍ਰਚਾਰ ਦੀ ਹੈ। ਜੋ **"ਪ੍ਰਥਮੇ ਮਨ ਪ੍ਰਬੋਧੈ ਅਪਨਾ ਪਾਛੈ ਅਵਰ ਰੀਝਾਵੈ"** ਦੀ ਕਾਰ ਦੇ ਧਾਰਨੀ ਹੋਣ।

ਦੂਸਰੇ, ਸਟੇਜਾਂ ਉਪਰੋਂ ਉਨ੍ਹਾਂ ਨੌਜਵਾਨਾਂ ਨੂੰ ਜੋ ਨਸ਼ੇ ਦੀ ਜਕੜ ਵਿੱਚ ਆ ਚੁੱਕੇ ਹਨ ਜਾਂ ਪਤਿਤ ਪੁਣੇ ਦਾ ਸ਼ਿਕਾਰ ਹੋ ਗਏ ਹਨ, ਉਨ੍ਹਾਂ ਨੂੰ ਭੰਡ ਕੇ ਜਾਂ ਬੁਰਾ-ਭਲਾ ਕਹਿ ਕੇ ਹੋਰ ਦੂਰ ਧਕਣ ਦੀ ਥਾਂ ਉਨ੍ਹਾਂ ਨੂੰ ਪਿਆਰ ਗਲਵਕੜੀ ਵਿੱਚ ਲੈ ਕੇ ਉਨ੍ਹਾਂ ਦੇ ਹਮਦਰਦੀ ਬਣ ਕੇ, ਨਸ਼ਿਆਂ ਅਤੇ ਪਤਿਤਪੁਣੇ ਦੇ ਔਗੁਣ ਦਰਸਾ ਕੇ ਉਨ੍ਹਾਂ ਨੂੰ ਸੁਚੇਤ ਕਰਨ ਦੀ ਲੋੜ ਹੈ। ਪ੍ਰਚਾਰ ਦਾ ਜਿਹੜਾ ਰਸਤਾ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਅਪਣਾਇਆ ਸੀ, ਉਸ ਮਾਰਗ ਨੂੰ ਧਾਰਨ ਕਰਨ ਦੀ ਜ਼ਰੂਰਤ ਹੈ। ਸਤਿਗੁਰ ਜੀ ਨੇ ਕੋਈ ਵੱਡੇ ਇੱਕਠ ਨਹੀਂ ਬੁਲਾਏ, ਨਾ ਹੀ ਵਡੀਆਂ ਸਟੇਜਾਂ ਲਾਈਆਂ, ਸਤਿਗੁਰ ਜੀ ਆਪ ਖੁਦ ਜਿਥੇ ਚੋਰਾਂ ਪਾਸ, ਧਾੜਵੀਆਂ, ਠੱਗਾਂ ਪਾਸ, ਆਦਮ ਖਾਣਿਆਂ ਪਾਸ ਗਏ, ਬੁਰੇ ਕਰਮਾਂ ਦੇ ਭੈੜੇ ਨਤੀਜਿਆਂ ਤੋਂ ਉਨ੍ਹਾਂ ਨੂੰ ਜਾਣੂੰ ਕਰਾਇਆ ਉਥੇ ਸਤਿਗੁਰ ਜੀ ਵਹਿਮਾਂ ਭਰਮਾਂ, ਫੋਕਟ ਧਾਰਮਿਕ ਕਰਮ ਕਾਂਡੀਆ ਪਾਸ ਵੀ ਗਏ। ਮਾਇਆ ਦੇ ਜੰਜਾਲਾਂ ਵਿੱਚ ਫਸੇ ਮਾਇਆਧਾਰੀਆਂ ਪਾਸ ਵੀ ਗਏ, ਪਿਆਰ ਨਾਲ ਦਲੀਲ ਨਾਲ ਉਨ੍ਹਾਂ ਨੂੰ ਸਮਝਾ ਕੇ ਸਤਿ ਮਾਰਗ ਦੇ ਪਾਂਧੀ ਬਣਾਇਆ। ਨਿਰਾ ਉਨ੍ਹਾਂ ਦਾ ਹੀ ਜੀਵਨ ਨਹੀਂ ਬਦਲਿਆ ਸਗੋਂ ਹੋਰ ਅਨੇਕਾਂ ਦਾ ਜੀਵਨ ਬਦਲਣ ਲਈ ਉਨ੍ਹਾਂ ਦੇ ਜਿੰਮੇਂ ਪ੍ਰਚਾਰ ਦੀ ਡਿਊਟੀ ਲਾਈ।

ਅੱਜ ਅਸਾਨੂੰ ਵੀ ਉਨ੍ਹਾਂ ਨੌਜਵਾਨਾਂ ਤੱਕ ਅਤੇ ਉਨ੍ਹਾਂ ਲੋਕਾਂ ਤੱਕ ਜੋ ਸਮਾਜਿਕ ਕੁਰੀਤੀਆਂ ਦਾ ਸ਼ਿਕਾਰ ਹੋ ਕੇ ਆਪਣੇ ਵਿਰਸੇ ਤੋਂ ਦੂਰ ਹੋ ਚੁੱਕੇ ਹਨ, ਅਤੇ ਅਗਿਆਨਤਾ ਵਿੱਚ ਫਸ ਕੇ ਨਸ਼ਿਆ ਦੀ ਦਲਦਲ ਵਿੱਚ ਫੱਸ ਗਏ ਹਨ, ਉਨ੍ਹਾਂ ਨੂੰ

ਸਹੀ ਜੀਵਨ ਪੰਧ ਉਤੇ ਲਿਆਉਣ ਲਈ, ਉਨ੍ਹਾਂ ਤੱਕ ਖੁਦ ਪਹੁੰਚ ਕਰਨੀ ਪਵੇਗੀ। ਉਨ੍ਹਾਂ ਦੀਆਂ ਸਮਸਿਆਵਾਂ ਸੁਣ ਕੇ ਉਨ੍ਹਾਂ ਦਾ ਹਮਦਰਦੀ ਨਾਲ ਸਮਾਧਾਨ ਕਰਨਾ ਹੋਵੇਗਾ ਅਤੇ ਯੋਗ ਅਗਵਾਈ ਉਨ੍ਹਾਂ ਨੂੰ ਦੇਣੀ ਹੋਵੇਗੀ। ਕਾਰਜ ਭਾਵੇਂ ਬਹੁਤ ਔਖਾ ਹੈ, ਪਰ ਅਸੰਭਵ ਨਹੀਂ, ਕੀਤਿਆਂ ਹੀ ਕੁਝ ਹੋਣਾ ਹੈ। ਸਭ ਕੁਝ ਹੋ ਸਕਦਾ ਹੈ। ਸਿਦਕ-ਦਿਲੀ ਨਾਲ ਤਨੋ-ਮਨੋ ਕੁਝ ਕਰਨ ਦੀ ਲੋੜ ਹੈ। ਕਾਮਯਾਬੀ, ਸਫਲਤਾ ਸਤਿਗੁਰੂ ਜੀ ਨੇ ਬਖਸ਼ਣੀ ਹੈ। ਅਲਪ ਬੁੱਧੀ ਨਾਲ ਜੇ ਕੁਝ ਗੁਰੂ ਆਸ਼ੇ ਅਨੁਸਾਰ ਲਿਖਿਆ ਗਿਆ ਹੋਵੇ ਉਸ ਨੂੰ ਸਵੀਕਾਰ ਕਰ ਲੈਣਾ। ਜੇ ਕੋਈ ਸ਼ਬਦ ਮਨਮਤ ਅਨੁਸਾਰ ਲਿਖਿਆ ਗਿਆ ਹੋਵੇ ਉਸ ਦੀ ਸ਼ੁਧਾਈ ਕਰਨ ਲਈ ਸੂਚਿਤ ਕਰ ਕੇ ਧੰਨਵਾਦੀ ਬਨਾਉਣਾ ਜੀ। ਧੰਨਵਾਦੀ ਹੋਵਾਂਗਾ।

\ \ \

**ਭੁਲ ਚੁਕ ਦੀ ਖਿਮਾਂ**

**ਵਾਹਿਗੁਰੂ ਜੀ ਕਾ ਖਾਲਸਾ ॥**

**ਵਾਹਿਗੁਰੂ ਜੀ ਕੀ ਫਤਹਿ ॥**



## ਗੁਰਦੁਆਰਾ ਸਾਹਿਬ ਵੱਲੋਂ ਪ੍ਰਚਾਰ ਹਿਤ "ਮੋਖ ਰਹਿਤ" ਵੰਡੀਆਂ ਜਾ ਰਹੀਆਂ ਪੁਸਤਕਾਂ ਅਤੇ ਟ੍ਰੈਕਟਾਂ ਦਾ ਵੇਰਵਾਂ

1. ਸੇ ਕਿਨੇਹਿਆ ? (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ)
2. ਸਬਦੁ ਗੁਰੁ ਪੀਰਾ (ਪੰਜਾਬੀ, ਹਿੰਦੀ, ਅੰਗਰੇਜ਼ੀ)
3. ਗੁਰੂ ਗ੍ਰੰਥ ਸਾਹਿਬ ਦਰਸਨ (ਪੰਜਾਬੀ, ਹਿੰਦੀ)
4. ਗੁਰਮਤਿ ਦੇ ਪਾਂਧੀ (ਪੰਜਾਬੀ)
5. ਨਾਮ ਕੀ ਹੈ ? (ਪੰਜਾਬੀ
6. ਆਤਮਾ ਕੀ ਹੈ ? (ਪੰਜਾਬੀ)
7. ਰਾਗਮਾਲਾ ਮੰਡਨ ਪ੍ਰਬੋਧ (ਪੰਜਾਬੀ)
8. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚੌਥੀ ਸ਼ਹੀਦੀ ਸ਼ਤਾਬਦੀ (ਪੰਜਾਬੀ)
9. ਮਨੁੱਖਤਾ ਦੇ ਦੁਸ਼ਮਨ ਨਸ਼ੇ (ਪੰਜਾਬੀ, ਅੰਗਰੇਜ਼ੀ)
10. ਪ੍ਰਭੂ ਬਖ਼ਸ਼ਿਸ ਕੇਸ (ਪੰਜਾਬੀ, ਅੰਗਰੇਜ਼ੀ)
11. ਸਮਾਜਿਕ ਕੁਰੀਤੀਆਂ (ਪੰਜਾਬੀ)
12. ਸਾਡਾ ਵਿਰਸਾ ਅਤੇ ਸ੍ਵੈ-ਪੜਚੋਲ (ਪੰਜਾਬੀ)
13. ਜੈਸੀ ਸੰਗਤਿ ਤੈਸੀ ਰੰਗਤ (ਪੰਜਾਬੀ)
14. Cosmic Divinity of Adi Guru Granth Sahib (English)
15. ਐਸੇ ਕਾਹੇ ਭੂਲਿ ਪਰੇ (ਪੰਜਾਬੀ)